ISSN : 2395-1273

# ਸੰਵਾਦ

www.sanvad.org

21 ਵਾਂ ਅੰਕ
ਜਨਵਰੀ-ਜੂਨ 2025



Refugee Women (S.L. Prashar) Partition Museum

ESTD. 1892

ਪੰਜਾਬੀ ਅਧਿਐਨ ਵਿਭਾਗ

ਖ਼ਾਲਸਾ ਕਾਲਜ ਅੰਮ੍ਰਿਤਸਰ

# ਸੰਵਾਦ

ISSN : 2395-1273

**ਪੰਜਾਬੀ ਰੈਫ਼ਰੀਡ ਰਿਸਰਚ ਜਰਨਲ**

***A Peer Reviewed Punjabi Research Journal***

**ਯੂ.ਜੀ.ਸੀ. ਦੀ 'ਅਕਾਦਮਿਕ ਅਤੇ ਖੋਜ ਨੈਤਿਕਤਾ ਸੰਸਥਾ' ਵੱਲੋਂ ਪ੍ਰਵਾਨਿਤ**

**ਛਿਮਾਹੀ ਖੋਜ ਰਸਾਲਾ**

ਜਨਵਰੀ-ਜੂਨ 2025
ਅੰਕ-21ਵਾਂ

**ਸਰਪ੍ਰਸਤ**

ਡਾ. ਅਰਵਿੰਦਰ ਕੌਰ ਕਾਹਲੋਂ
ਪ੍ਰਿੰਸੀਪਲ (ਕਾਰਜਕਾਰੀ)
ਖ਼ਾਲਸਾ ਕਾਲਜ ਅੰਮ੍ਰਿਤਸਰ

**ਮੁੱਖ ਸੰਪਾਦਕ**

ਡਾ. ਆਤਮ ਸਿੰਘ ਰੰਧਾਵਾ



ESTD. 1892

ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ

**ਖ਼ਾਲਸਾ ਕਾਲਜ ਅੰਮ੍ਰਿਤਸਰ-143002**

# Sanvad

**(Dialogic)**

**PUNJABI REFEREED RESEARCH JOURNAL**

Bi- Annual

A Peer Reviewed Punjabi Research Journal of the Post-Graduate Department of Punjabi Studies, Khalsa College, Amritsar.

**(UGC-CARE APPROVED JOURNAL)**

Email : sanvadpunjabi@gmail.com, www.sanvad.org

| Patron : | Chief Editor: |
|---|---|
| *Dr. A. K. Kahlon* | *Dr. Atam Singh Randhawa* |
| +91 98724-56833 | +91 98722-17273 |
| ISSN : 2395-1273 | January-June 2025 |



**ਸਲਾਹਕਾਰ ਬੋਰਡ**

**ਡਾ. ਮਹਿਲ ਸਿੰਘ**

ਵਾਈਸ ਚਾਂਸਲਰ, ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਰਮਿੰਦਰ ਕੌਰ, ਸਾਬਕਾ ਮੁਖੀ**

ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਸੁਰਜੀਤ ਸਿੰਘ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਪ੍ਰੋ. (ਡਾ.) ਯੋਗਰਾਜ ਅੰਗਰਿਸ਼, ਮੁਖੀ**

ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

**ਪ੍ਰੋ. (ਡਾ.) ਰਵੀ ਰਵਿੰਦਰ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਕੁਲਵੀਰ ਗੋਜਰਾ, ਮੁਖੀ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਗੁਰਮੁਖ ਸਿੰਘ, ਮੁਖੀ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਕੁਲਵੰਤ ਸਿੰਘ, ਸਾਬਕਾ ਪ੍ਰੋਫ਼ੈਸਰ**

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ

ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ

**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**



**ਚੰਦਾ ਭੇਜਣ ਤੇ ਮਿਲਣ ਦਾ ਪਤਾ**

**ਪ੍ਰਿੰਸੀਪਲ**

**ਖ਼ਾਲਸਾ ਕਾਲਜ, ਅੰਮ੍ਰਿਤਸਰ**

khalsacollegeamritsar@yahoo.com

www.khalsacollege.edu.in

**ਚੰਦਾ**

| | |
|---|---|
| **ਜੀਵਨ ਮੈਂਬਰ** | : ₹ 3000 |
| **ਪੰਜ ਸਾਲਾ** | : ₹ 1800 |
| **ਇਹ ਅੰਕ** | : ₹ 200 |

Online Payment: **A/c : 3397000100467796 IFSC : PUNB0339700**

Punjab National Bank Kot Khalsa, Amritsar



**© Principal, Khalsa College Amritsar**



**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ

**ਪੰਜਾਬੀ ਰੈਫ਼ਰੀਡ ਖੋਜ ਰਸਾਲਾ**

**ਛਿਮਾਹੀ**

**ਸਾਲ - 11ਵਾਂ, ਅੰਕ - 21ਵਾਂ ||| ਜਨਵਰੀ-ਜੂਨ 2025**

## ਤਤਕਰਾ


- ❒ **ਸੰਪਾਦਕੀ** 5
- ❒ **ਕੁਆਂਟਮ ਕਾਵਿ-ਸ਼ਾਸਤਰ** 9
  ਅਮਰਜੀਤ ਸਿੰਘ ਗਰੇਵਾਲ
- ❒ **ਤੂਤਾਂ ਵਾਲਾ ਖੂਹ : ਸਮਾਜ-ਇਤਿਹਾਸ ਦਾ ਗਲਪੀ ਦਸਤਾਵੇਜ਼** 16
  ਡਾ. ਮਹਿਲ ਸਿੰਘ
- ❒ **ਦੇਸ਼ ਵੰਡ ਦਾ ਪੰਜਾਬ ਦੇ ਅਰਥਚਾਰੇ ਉਪਰ ਪ੍ਰਭਾਵ : ਇਕ ਸੰਖੇਪ ਵਿਸ਼ਲੇਸ਼ਣ** 22
  ਡਾ. ਰਣਜੀਤ ਸਿੰਘ ਘੁੰਮਣ
- ❒ **ਪੰਜਾਬ ਵੰਡ (1947) : ਭੂਗੋਲ, ਆਰਥਿਕਤਾ ਅਤੇ ਕਿਸਾਨੀ ਉੱਪਰ ਪ੍ਰਭਾਵ** 28
  ਡਾ. ਸੁਖਦੇਵ ਸਿੰਘ ਸੋਹਲ
- ❒ **ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ : ਪੰਜਾਬੀ ਲੋਕਧਾਰਾ ਦਾ ਭਰ ਵਹਿੰਦਾ ਦਰਿਆ** 36
  ਡਾ. ਜਸਵਿੰਦਰ ਸਿੰਘ
- ❒ **ਸਰੋਦ ਸੁਦੀਪ : ਸਗਲ ਸਰੂਪ ਦਾ ਸੰਕੇਤੀ ਸੰਚਾਰ** 44
  ਡਾ. ਸਰਬਜੀਤ ਸਿੰਘ
- ❒ **ਪੰਜਾਬ ਦੀ ਵੰਡ : ਇਕ ਤ੍ਰਾਸਦੀ ਦੇ ਛੇ ਅਧਿਆਇ** 55
  ਡਾ. ਅਮਨਪ੍ਰੀਤ ਸਿੰਘ ਗਿੱਲ
- ❒ **ਉਤਰ-ਆਧੁਨਿਕ ਦੌਰ ਦਾ ਨਾਰੀਵਾਦ ਅਤੇ ਸਮਕਾਲੀ ਪੰਜਾਬੀ ਕਹਾਣੀ** 63
  ਡਾ. ਪਰਮਜੀਤ ਕੌਰ ਸਿੱਧੂ
- ❒ **ਬਾਰਹਮਾਹ ਤੁਖਾਰੀ : ਵਿਯੋਗ-ਗ੍ਰਸਤ ਇਸਤਰੀ ਦੀ ਵੇਦਨਾ ਦਾ ਕਾਵਿ-ਕਥਨ** 69
  ਡਾ. ਪਰਮਿੰਦਰ ਸਿੰਘ
- ❒ **ਧੂਨੀ ਸਿਧਾਂਤ ਦੇ ਪ੍ਰਸੰਗ ਵਿਚ 'ਹੀਰ ਵਾਰਿਸ' ਦਾ ਵਿਸ਼ਲੇਸ਼ਣ** 75
  ਡਾ. ਰਜਨੀ ਬਾਲਾ
- ❒ **ਪਾਂਧੀ ਨਨਕਾਣਵੀਂ ਦੇ ਨਾਟਕ : 'ਰਾਤ ਵੇਲੇ ਸਰਘੀ ਵੇਲੇ' ਦੀਆਂ ਸੰਵਾਦੀ ਜੁਗਤਾਂ** 84
  ਨਿੰਦਰਪਾਲ ਸਿੰਘ ਅਤੇ ਡਾ. ਨਛੱਤਰ ਸਿੰਘ

❒ **ਸਾਹਿਤਕ ਬਿਰਤਾਂਤ, ਡਿਜੀਟਲ ਸੰਚਾਰ ਅਤੇ ਸੱਤਾ** 91
ਡਾ. ਸਰਬਜੀਤ ਸਿੰਘ

❒ **ਡਾ. ਜੋਗਿੰਦਰ ਸਿੰਘ ਰਾਹੀ ਦਾ ਨਾਵਲ ਚਿੰਤਨ ਅਤੇ ਸਮਕਾਲੀ ਪੰਜਾਬੀ ਨਾਵਲ ਆਲੋਚਨਾ** 97
ਡਾ. ਪ੍ਰਕਾਸ਼ ਸਿੰਘ

❒ **ਗਾਈਤਰੀ ਚੱਕਰਵਰਤੀ ਸਪੀਵਾਕ ਦਾ ਸਬਾਲਟਰਨ ਪਰਿਪੇਖ** 112
ਡਾ. ਸਤਵੀਰ ਸਿੰਘ

❒ **ਅੱਲਾਮਾ ਇਕਬਾਲ ਦੀ ਪੰਜਾਬੀਅਤ : ਆਲੋਚਨਾਤਮਕ ਦ੍ਰਿਸ਼ਟੀਕੋਣ** 124
ਡਾ. ਗੁਰਪ੍ਰੀਤ ਸਿੰਘ ਸੋਢੀ

❒ **ਲਾਹੌਰ ਦਾ ਪਾਗਲਖਾਨਾ : ਦੇਸ਼-ਵੰਡ ਬਾਰੇ ਇਕ ਮਹੱਤਵਪੂਰਨ ਦਸਤਾਵੇਜ਼** 128
ਡਾ. ਰੁਪਿੰਦਰ ਕੌਰ

❒ **ਲੈਵਿਸ ਹੈਨਰੀ ਮਾਰਗਨ ਦਾ ਚਿੰਤਨ : 'ਪੁਰਾਤਨ ਸਮਾਜ' ਦੇ ਪ੍ਰਸੰਗ ਵਿਚ** 131
ਦਲਜੀਤ ਕੌਰ

❒ **ਵਾਰਿਸ ਸ਼ਾਹ ਰਚਿਤ 'ਹੀਰ' ਵਿਚ ਛੰਦ, ਤਾਲ, ਰਾਗ ਅਤੇ ਰਸ ਦਾ ਅੰਤਰ-ਸਬੰਧ** 138
ਡਾ. ਪਵਨ ਸਰਵਰ

❒ **ਕਸ਼ਮੀਰ ਸੰਕਟ, ਇਤਿਹਾਸ ਅਤੇ ਸਮਕਾਲ ਨਾਲ ਸਬੰਧਤ
ਪੰਜਾਬੀ ਨਾਵਲ ਸਮਾਜ ਸਭਿਆਚਾਰਕ ਪਰਿਪੇਖ** 147
ਕੁਲਜੀਤ ਸਿੰਘ


❒ **ਸੁਖਜੀਤ ਦਾ ਕਹਾਣੀ ਜਗਤ : ਵਸਤੂ ਅਤੇ ਵਿਧੀ** 156
ਡਾ. ਨਵਜੋਤ ਕੌਰ

**ਪੁਸਤਕ ਰੀਵਿਊ :**

- **ਚੁਰਾਸੀ ਲੱਖ ਯਾਦਾਂ (ਨਾਵਲ)/ਜਸਬੀਰ ਮੰਡ** : ਡਾ. ਮਹਿਲ ਸਿੰਘ 163
- **ਪਰਛਾਵਿਆਂ ਦੀ ਜੂਨ ਭੋਗਦੇ ਅਕਾਰਾਂ ਦਾ ਧੁਰਦੇਸ : ਚੁਰਾਸੀ ਲੱਖ ਯਾਦਾਂ** : ਡਾ. ਯਾਦਵਿੰਦਰ ਸਿੰਘ 165
- **ਮਨੁ ਪੰਖੀ ਭਇਓ (ਨਾਵਲ)/ਮਨਮੋਹਨ** : ਡਾ. ਹਰਪ੍ਰੀਤ ਸਿੰਘ 168
- **ਪੰਜਾਬੀ ਸਾਹਿਤ-ਇਤਿਹਾਸ ਤੇ ਇਤਿਹਾਸਕਾਰੀ (ਆਲੋਚਨਾ)/ਡਾ. ਹਰਿਭਜਨ ਸਿੰਘ ਭਾਟੀਆ** 170
  ਡਾ. ਪਰਮਜੀਤ ਢੀਂਗਰਾ

◈


ISSN : 2395-1273



# ਸਰੋਦ ਸੁਦੀਪ
## ਸਗਲ ਸਰੂਪ ਦਾ ਸੰਕੇਤੀ ਸੰਚਾਰ


**ਡਾ. ਸਰਬਜੀਤ ਸਿੰਘ**

ਪ੍ਰੋਫ਼ੈਸਰ ਤੇ ਮੁਖੀ (ਸੇਵਾ ਮੁਕਤ), ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
✆ 98155-74144


ਬਰਤਾਨਵੀ ਬਸਤੀਵਾਦ ਤੋਂ ਮੁਕਤੀ ਉਪਰੰਤ ਪੰਜਾਬੀ/ਭਾਰਤੀ ਮਨੁੱਖ ਦੇ ਸਾਹਵੇਂ ਅਜਿਹਾ ਕੋਈ ਵੱਡਾ ਜਾਂ ਮਹਾਨ ਮੰਤਵ ਨਹੀਂ ਸੀ ਜਿਹੜਾ ਸਾਰੀ ਲੋਕਾਈ ਨੂੰ ਇਕ ਸੂਤਰ ਵਿਚ ਪਰੋ ਦੇਵੇ। ਬਸਤੀਵਾਦ ਤੋਂ ਮੁਕਤੀ ਤਕ ਵਿਚਾਰ ਅਤੇ ਵਿਚਾਰਧਾਰਾ ਵੱਖਰੀ ਹੋ ਕੇ ਵੀ, ਪਛਾਣ ਅਤੇ ਅਕੀਦੇ ਅਲੱਗ ਹੋ ਕੇ ਵੀ ਅਤੇ ਅਨੰਤ ਵਖਰੇਵਿਆਂ ਦੇ ਬਾਵਜੂਦ ਵੀ ਬਸਤੀਵਾਦ ਤੋਂ ਮੁਕਤੀ ਦਾ ਪ੍ਰਵਚਨ ਮੁੱਖ ਸੀ। ਪੂਰੇ ਉਪ-ਮਹਾਂਦੀਪ ਦੀ ਲੋਕਾਈ ਇਸ ਵਿਸ਼ਵਾਸ਼ ਵਿਚ ਵੀ ਦ੍ਰਿੜ ਸੀ ਕਿ ਬਸਤੀਵਾਦ ਤੋਂ ਬਾਅਦ ਉਸਦੇ ਸਾਰੇ ਸੰਕਟ ਹੱਲ ਹੋ ਜਾਣਗੇ ਕਿਉਂਕਿ ਬਸਤੀਵਾਦੀ ਜ਼ੁਲਮ, ਸੋਸ਼ਣ, ਦਮਨ ਅਤੇ ਪਰਤੰਤਰ ਦੀ ਨਕੇਲ ਨੇ ਲੋਕਾਈ ਨੂੰ ਐਨਾ ਭੈਭੀਤ, ਦਹਿਸ਼ਤਜ਼ਦਾ ਅਤੇ ਸੁਪਨ ਵਿਹੂਣਾ ਕਰ ਦਿੱਤਾ ਸੀ ਕਿ ਉਸ ਨੂੰ ਲੱਗਦਾ ਸੀ ਕਿ ਉਸਦੀ ਹੋਂਦ ਅਤੇ ਹਸਤੀ ਦੇ ਸਮੁੱਚੇ ਸੁਆਲ ਹੀ ਬਸਤੀਵਾਦੀ ਗੁਲਾਮੀ ਸਦਕਾ ਹਨ। ਇਸ ਕਰਕੇ ਉਸ ਦੌਰ ਦੇ ਸਮੁੱਚੇ ਕਲਾਤਮਕ ਪ੍ਰਗਟਾਵੇ ਵਿਚੋਂ ਸਾਡੇ ਚਿੰਤਨ ਨੇ ਉਹ ਸੁਰਾਂ ਜਾਂ ਸੰਕੇਤਾਂ ਨੂੰ ਵਧੇਰੇ ਬਰੀਕੀ ਵਿਚ ਫੜਨ ਦਾ ਯਤਨ ਨਹੀਂ ਕੀਤਾ ਜਿਹੜੇ ਬਸਤੀਵਾਦੀ ਮੁਕਤੀ ਤੋਂ ਬਾਅਦ ਵਧੇਰੇ ਸ਼ਕਤੀਸ਼ਾਲੀ ਪ੍ਰਗਟਾਵੇ ਦਾ ਅੰਗ ਬਣੇ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਅਫ਼ਲਾਤੂਨੀ ਪਿਆਰ, ਆਦਿ ਧਰਮ ਮੰਡਲ ਲਹਿਰ ਦੀ ਵਰਣ-ਆਸ਼ਰਮੀ ਪਕੜ ਤੋਂ ਨਿਜਾਤ, ਬਲਵੰਤ ਗਾਰਗੀ ਦੀ ਕਾਮਨਾ ਦੀ ਮੁਕਤੀ ਇਤਿਆਦ ਪ੍ਰਤੀ ਸਾਡੀ ਪਹੁੰਚ ਵਧੇਰੇ ਸੂਖ਼ਮ ਨਹੀਂ ਰਹੀ। ਬਸਤੀਵਾਦ ਤੋਂ ਮੁਕਤੀ ਉਪਰੰਤ ਵੀ ਕੁਝ ਸਮਾਂ ਅਸੀਂ ਬਸਤੀਵਾਦੀ ਤਰਜ਼ ਵਿਚ ਹੀ ਗ੍ਰਿਫ਼ਤ ਰਹੇ ਪਰੰਤੂ ਜਦੋਂ ਪਦਾਰਥਕ ਤੌਰ ’ਤੇ ਉਤਪਾਦਨੀ ਵਿਧੀ ਵਿਚ ਤਬਦੀਲੀਆਂ ਸਦਕਾ ਮਾਨਵੀ ਸਮਾਜ ਅਤੇ ਰਿਸ਼ਤਿਆਂ ਵਿਚ ਵਾਪਰਦੇ ਪਰਿਵਰਤਨਾਂ ਨਾਲ ਕਲਾਤਮਕ ਪ੍ਰਗਟਾਵਾ ਸਾਹਮਣੇ ਆਉਣ ਲੱਗਿਆ, ਤਾਂ ਜਾਂ ਤਾਂ ਸਾਡਾ ਚਿੰਤਨ ਸਵੈ-ਸੁਰੱਖਿਆ ਲਈ ਅਸਵੀਕਾਰ ਵਜੋਂ ਸਾਹਮਣੇ ਆਇਆ ਤੇ ਜਾਂ ਅਸੀਂ ਉਸਨੂੰ ਨਿਖੇਧ ਦੀ ਪੱਧਰ ਉੱਪਰ ਬਿਲਕੁਲ ਹੀ ਗ਼ੈਰ-ਇਤਿਹਾਸਕ ਵਰਤਾਰਾ ਬਣਾ ਦਿੱਤਾ। ਬਹੁਤ ਸਾਰੇ ਵਿਰੋਧ ਅਤੇ ਅਸਹਿਮਤੀ ਦੇ ਬਾਵਜੂਦ ਵੀ ਅਸੀਂ ਪ੍ਰਯੋਗਸ਼ੀਲ ਪੰਜਾਬੀ ਕਵਿਤਾ ਨਾਲ ਇਉਂ ਹੀ ਕੀਤਾ ਹੈ। ਉਸ 1960 ਦੇ ਦੌਰ ਵਿਚ ਪ੍ਰਯੋਗਸ਼ੀਲ ਕਵਿਤਾ ਨੂੰ ਬਸਤੀਵਾਦ ਉਪਰੰਤ ਬਣ ਅਤੇ ਵਿਗਸ ਰਹੇ ਸਮਾਜੀ ਰਿਸ਼ਤਿਆਂ ਦੇ ਦਵੰਦਾਤਮਕ ਰੂਪ ਵਿਚ ਦੇਖਣ ਦੀ ਬਜਾਏ, ਉਸ ਕਵਿਤਾ ਨੂੰ ਗ਼ੈਰ-ਸਮਾਜਕ ਜਾਂ ਸਮਾਜ ਵਿਰੋਧੀ ਕਵਿਤਾ ਵਜੋਂ ਸਥਾਪਿਤ ਕਰਨ ਦਾ ਯਤਨ ਕੀਤਾ। ਇਸ ਨਾਲ ਪੰਜਾਬੀ ਸਾਹਿਤ ਅਤੇ ਚਿੰਤਨ ਵਿਚ ਕਈ ਗੰਭੀਰ ਸੰਕਟ ਵਾਪਰ ਜਾਂਦੇ ਹਨ। ਪਹਿਲਾ ਸੰਕਟ ਤਾਂ ਇਹ ਵਾਪਰਦਾ ਹੈ ਕਿ ਸਮਾਜਕ ਯਥਾਰਥ ਨੂੰ ਵੱਖਰੇ ਅੰਦਾਜ਼, ਵੱਖਰੀ ਕਾਵਿ-ਵਿਧੀ ਅਤੇ ਵੱਖਰੀ ਕਾਵਿ-ਭਾਸ਼ਾ ਵਾਲੀ ਕਵਿਤਾ ਨੂੰ ਅਸੀਂ ਸਵੀਕਾਰਦੇ ਹੀ ਨਹੀਂ। ਦੂਜਾ ਸੰਕਟ ਇਹ ਵਾਪਰ ਜਾਂਦਾ ਹੈ ਕਿ ਅਗਰਭੂਮੀ ਉੱਪਰ ਸਪੱਸ਼ਟ ਵਿਚਾਰਧਾਰਾ ਨੂੰ ਅਪਣਾਈ ਕਵਿਤਾ ਨੂੰ ਕਵਿਤਾ ਦੇ ਰੂਪ ’ਚ ਸਵੀਕਾਰ ਕਰਕੇ ਉਸ ਨੂੰ ਵਡਿਆਉਣ ਦੀ ਪ੍ਰਵਿਰਤੀ ਦੇ ਸ਼ਿਕਾਰ ਹੋ ਜਾਂਦੇ ਹਾਂ। ਸਿੱਧੇ ਰੂਪ ਵਿਚ ਸੰਦੇਸ਼ਮੁਖੀ ਕਾਵਿ ਨੂੰ ਅਸੀਂ ਸਿੱਧੇ ਰਾਜਨੀਤਕ ਸੰਘਰਸ਼ ਦਾ ਹਿੱਸਾ ਬਣਾ ਕੇ ਉਸ ਨੂੰ ਯੁੱਗ ਦੀ ਪ੍ਰਤੀਨਿਧ ਕਵਿਤਾ ਵਜੋਂ ਸਥਾਪਿਤ ਕਰਨ ਦੀ ਖਿੱਚ-ਧੂਹ ਕਰਦੇ ਹਾਂ। ਤੀਸਰਾ, ਆਪਣੇ ਸਮੇਂ ਦੇ ਅੰਤਰ-ਵਿਰੋਧਾਂ ਨੂੰ ਫੜ੍ਹਨ ਵਾਲੀ ਪਰ ਸੰਕੇਤੀ ਪ੍ਰਗਟਾਵੇ ਵਾਲੀ ਗ਼ੈਰ-ਬਿਰਤਾਂਤਕ ਕਵਿਤਾ ਨੂੰ ਅਮੂਰਤ ਕਹਿ ਕੇ ਉਸ ਨੂੰ ਚਰਚਾ ਵਿਚੋਂ ਹੀ ਬਾਹਰ ਕਰ ਦਿੰਦੇ ਹਾਂ। ਚੌਥਾ, ਵੱਧ ਤੋਂ ਵੱਧ ਇਸ ਕਵਿਤਾ ਵਿਚ ਪੇਸ਼ ਪਾਤਰ ਦੀ ਇਕੱਲਤਾ/ਤ੍ਰਿਸ਼ੰਕੂ ਸਥਿਤੀ/ਐਬਸਰਡਿਟੀ ਜਾਂ ਅੰਤਰਮੁਖਤਾ ਨੂੰ ਅਸੀਂ ਅਸਤਿਤਵਕ ਪਾਸਾਰਾਂ ਨਾਲ ਜੋੜ ਕੇ ਇਸ ਨੂੰ ਅਸਤਿੱਤਵਵਾਦੀ ਦਰਸ਼ਨ ਨਾਲ ਗ਼ੈਰ-ਪ੍ਰਸੰਗਿਕ ਰੂਪ ਵਿਚ ਜੋੜ ਦਿੰਦੇ ਹਾਂ। ਪੰਜਵਾਂ, ਇਸ ਕਵਿਤਾ ਨੂੰ ਉਸ ਯੁੱਗ ਦੀ ਇਤਿਹਾਸਕਤਾ ਤੋਂ ਨਿਰਲੇਪ ਕਰਕੇ, ਵਿਭਿੰਨ ਸਮਾਜੀ-ਸਭਿਆਚਾਰਕ ਪ੍ਰਸੰਗਾਂ ਤੋਂ ਮੁਕਤ ਕਰਕੇ ਅਤੇ ਸਮਾਜ ਅੰਦਰ ਪ੍ਰਵਾਹਿਤ ਵਿਭਿੰਨ ਵਿਚਾਰਧਾਰਾਈ ਅੰਤਰ ਦ੍ਰਿਸ਼ਟੀ ਨੂੰ ਸਮਝੇ ਬਗ਼ੈਰ ਇਕਹਿਰੇ ਰੂਪ ਉਸਨੂੰ ਸਮਾਜੀ ਜ਼ਿੰਦਗੀ ਤੋਂ ਵਿਹੂਣਾ ਕਰ ਦਿੰਦੇ ਹਾਂ ਜਿਸ ਨਾਲ ਇਹ ਕਵਿਤਾ ਖਲਾਅ ਵਿਚ ਲਹਿਰਦੀ ਰਹਿ ਜਾਂਦੀ ਹੈ। ਇਸ ਨਾਲ ਦੁਖਾਂਤ ਇਹ ਵਾਪਰ ਜਾਂਦਾ ਹੈ ਕਿ ਸਮਾਜੀ ਜੀਵਨ ਪ੍ਰਬੰਧ ਦੀ ਜਟਿਲਤਾ, ਉਸਦੀ ਭਰਪੂਰਤਾ ਅਤੇ ਉਸ ਦੇ



(ਪੰਨੇ 44-54)
**www.sanvad.org**
ISSN : 2395-1273

ਧੁਰ ਡੂੰਘ ਵਿਚ ਕਾਰਜਸ਼ੀਲ ਜੁਜ਼ਾਂ ਨੂੰ ਸਮਝਣ ਤੋਂ ਖੁੰਝ ਜਾਂਦੇ ਹਾਂ ਅਤੇ ਕਥਨ ਦੀ ਪੱਧਰ ਉੱਪਰ ਮਨ-ਇੱਛਤ ਧਾਰਨਾਵਾਂ ਨੂੰ ਹੀ ਚਿੰਤਨ ਬਣਾ ਲੈਂਦੇ ਹਾਂ।

ਪ੍ਰਯੋਗਸ਼ੀਲ ਕਾਵਿ ਦੀ ਇਕ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਉਸਨੇ ਬਸਤੀਵਾਦ ਉਪਰੰਤ ਵਿਕਸਤ ਹੋ ਰਹੇ ਪੂੰਜੀਵਾਦੀ ਪ੍ਰਬੰਧ ਵਿਚੋਂ ਬਣ-ਵਿਗਸ ਰਹੇ ਮਨੁੱਖੀ ਅਸਤਿਤਵ ਦੇ ਲੱਛਣਾਂ ਦੀ ਨਿਸ਼ਾਨਦੇਹੀ ਕੀਤੀ ਸੀ ਕਿ ਪੂੰਜੀਵਾਦ ਕਿਵੇਂ ਇਕ ਅਜਿਹੇ ਵਿਅਕਤੀ ਨੂੰ ਸਿਰਜਦਾ ਹੈ, ਜਿਹੜਾ ਸਵੈ-ਕੇਂਦਰਿਤ ਹੋ ਕੇ ਲਲਸਾਏ ਜੀਵਨ ਦਾ ਕਰਿੰਦਾ ਬਣ ਜਾਂਦਾ ਹੈ। ਇਹ ਜੋ ਹਕੀਕੀ ਸੱਚ ਸੀ, ਇਸ ਨੂੰ ਸਾਡੇ ਚਿੰਤਨ ਨੇ ਉਸ ਭਰਪੂਰਤਾ ਵਿਚ ਨਹੀਂ ਸਮਝਿਆ ਜਿਸ ਵਿਚੋਂ ਪੂੰਜੀਵਾਦੀ ਪ੍ਰਬੰਧ ਦੇ ਅੰਤਰ-ਵਿਰੋਧਾਂ ਵਿਚ ਨਿਹਤ ਯਥਾਰਥ ਦੀ ਸੋਝੀ ਹੋਣੀ ਸੀ। ਇਸੇ ਵਿਚੋਂ ਹੀ ਇਹ ਸੰਕਟ ਵਾਪਰਦਾ ਹੈ ਕਿ ਉਸ ਸਮੇਂ ਵਿਸ਼ਵ ਵਿਚ ਸਾਹਮਣੇ ਆ ਰਹੀਆਂ ਪ੍ਰਗਟਾਵੇ ਦੀਆਂ ਵਿਭਿੰਨ ਵਿਧੀਆਂ ਸਾਡੇ ਚਿੰਤਨ ਦਾ ਹਿੱਸਾ ਨਹੀਂ ਬਣਦੀਆਂ ਅਤੇ ਆਧੁਨਿਕ ਯੁੱਗ ਦੇ ਭਾਵ-ਬੋਧ ਨੂੰ ਅਸੀਂ ਸਾਮੰਤੀ ਪ੍ਰਗਟਾਵੇ ਰਾਹੀਂ ਹੀ ਸਵੀਕਾਰ ਕਰਨ ਦੀ ਆਦਤ ਦਾ ਸ਼ਿਕਾਰ ਬਣੇ ਰਹਿੰਦੇ ਹਾਂ।

1970 ਵਿਆਂ ਤੋਂ ਬਾਅਦ ਦੀ ਕਵਿਤਾ ਵਿਚ ਜੋ ਅਨੁਭਵ ਅਤੇ ਪ੍ਰਗਟਾਵੇ ਦੀ ਪੱਧਰ ਉੱਪਰ ਗੁਣਾਤਮਕ ਤਬਦੀਲੀ ਵਾਪਰਦੀ ਹੈ, ਉਸ ਦਾ ਇਕ ਪ੍ਰਤੱਖ ਪ੍ਰਮਾਣ ਹੈ ਉਹ ਕਵਿਤਾ, ਜਿਹੜੀ ਸਮਾਜੀ-ਰਾਜਸੀ ਮੁੱਦਿਆਂ ਨੂੰ ਸਿੱਧਾ ਮੁਖ਼ਾਤਿਬ ਨਹੀਂ ਹੁੰਦੀ, ਸਗੋਂ ਨਵੇਂ ਬਣ ਰਹੇ ਮਨੁੱਖ ਦੇ ਮਾਧਿਅਮ ਮੁੱਦਿਆਂ ਜਾਂ ਮਸਲਿਆਂ ਨੂੰ ਮੁਖ਼ਾਤਬ ਹੁੰਦੀ ਹੈ। ਇਸ ਕਵਿਤਾ ਦਾ ਪਹਿਲਾ ਵੱਡਾ ਬਦਲਾਓ ਹੀ ਇਹ ਹੈ ਕਿ ਪਰੰਪਰਕ ਵਿਧੀ ਵਿਧਾਨ ਨੂੰ ਪਲਟ ਦਿੰਦੀ ਹੈ। ਇਹ ਪਲਟਾਅ ਵਿਰੋਧਤਾ ਵਾਲਾ ਨਹੀਂ ਹੈ ਸਗੋਂ ਵਿਭਿੰਨਤਾ/ਵੱਖਰਤਾ (Diversification) ਵਾਲਾ ਹੈ। ਇਹ ਕਵਿਤਾ ਬਿਰਤਾਂਤਮਈ ਪੈਟਰਨ ਅਤੇ ਅੰਦਾਜ਼ ਨੂੰ ਮੁੱਢੋਂ ਖਾਰਜ ਕਰ ਦਿੰਦੀ ਹੈ ਅਤੇ ਆਧੁਨਿਕ ਭਾਵ ਬੋਧ ਨੂੰ ਦ੍ਰਿਸ਼ਾਂ ਅਤੇ ਖੰਡਿਤ ਟੁਕੜਿਆਂ ਵਿਚ ਪੇਸ਼ ਕਰਦੀ ਹੈ। ਇਹ ਕਵਿਤਾ ਆਪਣੇ ਵਿਸ਼ੇ ਨੂੰ ਸੰਚਾਰਨ ਸਮੇਂ ਨਿਆਂਇਕ (Jusitifed) ਪ੍ਰਸੰਗਾਂ ਨੂੰ ਛਾਂਗ ਦਿੰਦੀ ਹੈ ਅਤੇ ਪਾਠਕ ਨੂੰ ਚੇਤੰਨ ਕਾਵਿ-ਪਾਠਕ ਵਜੋਂ ਵੰਗਾਰ ਬਣਦੀ ਹੈ। ਇਹ ਕਵਿਤਾ ਪ੍ਰਗੀਤਕ ਲੈਅ ਦੀ ਬਜਾਏ ਬਿੰਬ ਸਿਰਜਦੀ ਹੈ ਅਤੇ ਇਹ ਬਿੰਬ ਸੁਝਾਊਮੂਲਕ ਨਹੀਂ ਸਗੋਂ ਤਣਾਓਮੂਲਕ ਹਨ। ਆਧੁਨਿਕ ਜਟਿਲ ਜੀਵਨ ਦੇ ਸਹੰਸਰਾਂ ਅਤੇ ਤਣਾਓ ਵਿਚੋਂ ਗੁਜ਼ਰਦੀ ਇਹ ਕਵਿਤਾ ਅਜਿਹੀ ਕਾਵਿ-ਭਾਸ਼ਾ ਸਿਰਜਦੀ ਹੈ ਜਿਹੜੀ ਓਪਰੀ, ਅਣੋਭੜ ਜਾਂ ਬੇਗਾਨਗੀ ਵਾਲੀ ਹੈ। ਇਸ ਕਵਿਤਾ ਵਿਚ ਮੋਹਨਜੀਤ (ਵਰਵਰੀਕ), ਮਿੰਦਰ, ਤ੍ਰਲੋਚਨ, ਹਰਿਨਾਮ, ਸਰੋਦ ਸੁਦੀਪ, ਪਰਵੇਸ਼, ਅੰਬਰੀਸ਼, ਦੇਵਨੀਤ, ਗੁਰਪ੍ਰੀਤ ਅਤੇ ਕਈ ਹੋਰ ਨਾਮ ਸ਼ਾਮਲ ਹਨ।

ਸਰੋਦ ਸੁਦੀਪ ਨੇ ਪੰਜਾਬੀ ਕਾਵਿ ਜਗਤ ਨੂੰ **ਬੇਨਾਮ ਬਸਤੀ**, **ਉਸ ਨੂੰ ਕਹੋ**, **ਪਰਾਈ ਧਰਤੀ**, **ਲਓ ਇਹ ਖ਼ਤ ਪਾ ਦੇਣਾ**, **ਲਾ ਬੈਲੇ**, **ਪਰਲੇ ਪਾਰ** ਅਤੇ **ਦੇਵੀ** ਕਾਵਿ ਸੰਗ੍ਰਹਿ ਤੋਂ ਬਿਨਾਂ ਰਵਿੰਦਰ ਨਾਥ ਟੈਗੋਰ ਦੀ ਗੀਤਾਂਜਲੀ ਦਾ ਅਨੁਵਾਦ ਅਤੇ ਸਮਕਾਲੀ ਕਵੀਆਂ ਦੀਆਂ ਕਾਵਿ ਪੁਸਤਕਾਂ ਉੱਪਰ ਸੰਖੇਪ ਨਿਬੰਧਾਂ ਦੀ ਪੁਸਤਕ **ਕਾਵਿ-ਨਕਸ਼** ਦਿੱਤੀ ਹੈ। ਸਰੋਦ ਸੁਦੀਪ ਦਾ ਚਾਰ ਦਹਾਕਿਆਂ ਦਾ ਲੰਮਾ ਸਫ਼ਰ ਉਸ ਦੀ ਕਵਿਤਾ ਦੇ ਨਕਸ਼ਾਂ ਨੂੰ ਤਾਂ ਡੂੰਘਿਆਂ ਕਰਦਾ ਹੀ ਹੈ ਅਤੇ ਨਾਲੋ-ਨਾਲ ਪੰਜਾਬੀ ਕਵਿਤਾ ਦੇ ਅਜਿਹੇ ਪ੍ਰਗਟਾਵੇ ਨੂੰ ਨਵੇਂ ਦਿਸਹੱਦਿਆਂ ਵੱਲ ਵੀ ਤੋਰਦਾ ਹੈ।

ਸਰੋਦ ਸੁਦੀਪ ਦੀ ਕਵਿਤਾ ਵਿਚ ਸਭ ਤੋਂ ਪਹਿਲਾ ਅਹਿਮ ਪਾਸਾਰ ਉਸ ਦੀ ਕਵਿਤਾ ਦੇ ਕੇਂਦਰ ਵਿਚ ਬੈਠਾ ਮਨੁੱਖ ਹੈ। ਇਹ ਮਨੁੱਖ ਪੂੰਜੀਵਾਦੀ ਯੁੱਗ, ਪੂੰਜੀਵਾਦੀ ਰਿਸ਼ਤਿਆਂ ਅਤੇ ਪੂੰਜੀਵਾਦੀ ਆਬੋ-ਹਵਾ ਵਿਚੋਂ ਉਸਰਿਆ ਨਿੱਸਰਿਆ ਉਹ ਮਨੁੱਖ ਹੈ ਜਿਹੜਾ ਮਨੋ-ਵਿਗਿਆਨਕ ਰੂਪ ਵਿਚ ਬਹੁਤ ਜਟਿਲ ਅਤੇ ਪਰਤ-ਦਰ-ਪਰਤ ਬਹੁਤ ਗੁੰਝਲਦਾਰ ਹੈ। ਇਹ ਮਨੁੱਖ ਇਕਹਿਰਾ ਜਾਂ ਇਕ ਪਰਤੀ ਨਹੀਂ ਹੈ ਅਤੇ ਨਾ ਹੀ ਇਸ ਦਾ ਜ਼ਿੰਦਗੀ ਪ੍ਰਤੀ ਰਵੱਈਆ ਇਕਹਿਰਾ ਹੈ। ਸਰੋਦ ਸੁਦੀਪ ਇਸੇ ਕਰਕੇ ਆਧੁਨਿਕ ਭਾਵ-ਬੋਧ ਵਾਲਾ ਸ਼ਾਇਰ ਹੈ ਕਿਉਂਕਿ ਉਹ ਜਿਸ ਮਨੁੱਖ ਦੀ ਪਛਾਣ ਕਰ ਰਿਹਾ ਹੈ, ਉਹ ਮਨੁੱਖ ਪੂੰਜੀਵਾਦੀ ਸਮਾਜ ਵਿਚ ਅਜਿਹੇ ਹੀ ਲੱਛਣਾਂ ਵਾਲਾ ਹੁੰਦਾ ਹੈ ਜਿਹੜਾ ਆਪਣੀ ਮਰਜ਼ੀ ਦਾ ਪ੍ਰਗਟਾਵਾ ਕਰ ਸਕਦਾ ਹੈ, ਆਪਣੇ ਵਿਅਕਤੀ ਹੋਣ ਦੀ ਪਛਾਣ ਨੂੰ ਦ੍ਰਿੜ ਕਰਵਾਉਂਦਾ ਹੈ, ਆਪਣੀ ਹੋਂਦ ਦੇ ਵੱਖਰੇਪਣ ਲਈ ਸੁਚੇਤ ਹੈ, ਆਪਣੀ ਚਾਹਤ ਦਾ ਨਿਸ਼ੰਗ ਪ੍ਰਗਟਾਵਾ ਕਰ ਸਕਦਾ ਹੈ ਅਤੇ ਸਭ ਤੋਂ ਵੱਡੀ ਗੱਲ ਉਹ ਸਾਮੰਤੀ ਅਵਚੇਤਨ ਤੋਂ ਮੁਕਤ ਹੁੰਦਾ ਹੈ। ਇਸ ਪਾਸਾਰ ਨੂੰ ਹੋਰ ਸਮਝਣ ਲਈ ਸਰੋਦ ਸੁਦੀਪ ਦੇ ਕਾਵਿ ਵਿਚ ਉਤਰਦੇ ਹਾਂ:-

*ਕੋਈ ਬਾਹਰ ਖੜ੍ਹਾ ਬੰਦਾ*
*ਚੀਜ਼ਾਂ ਚੁੱਕ-ਚੁੱਕ*
*ਅੰਦਰ ਸੁੱਟੀ ਜਾ ਰਿਹਾ*
*ਮੇਰੀ ਮਰਜ਼ੀ ਦੇ ਖਿਲਾਫ਼*

*ਘੁਣ ਖਾਧੀਆਂ ਚੀਜ਼ਾਂ*
*ਘਰ ਅੰਦਰ ਕਿਵੇਂ ਸਜਾਵਾਂ?*
*ਜਹਾਜ ਨਹੀਂ ਪਰਤੇ*
*ਪਹਾੜ ਉੱਚੇ ਉੱਚੇ*
*ਛੁਆਰਾ ਮਿਲੇ ਤਾਂ ਖਾਈਏ*
*ਹਾਸਾ ਹੋਵੇ ਤਾਂ ਅੱਖਾਂ 'ਚ ਬਹੀਏ।* (ਲਓ ਇਹ ਖ਼ਤ ਪਾ ਦੇਣਾ - 15)

ਕਵਿਤਾ ਪੂੰਜੀਵਾਦ ਦੇ ਪੂਰੇ ਮੰਡੀਤੰਤਰ ਅਤੇ ਉਪਭੋਗਤਾ ਦੇ ਵਰਤ-ਵਿਹਾਰ ਮਨੁੱਖੀ ਆਪੇ ਨੂੰ ਸਾਹਮਣੇ ਲੈ ਆਉਂਦੀ ਹੈ। ਪੂੰਜੀਵਾਦ ਦਾ ਬਾਜ਼ਾਰ ਮਨੁੱਖ ਦੀ ਮਰਜ਼ੀ ਤੋਂ ਬਗੈਰ ਉਸਨੂੰ ਵਸਤੂਆਂ ਪਰੋਸੀ ਜਾਂਦਾ ਹੈ। ਉਹ ਚੀਜ਼ਾਂ ਜਿੰਨ੍ਹਾਂ ਦੀ ਮਾਨਵੀ ਕਦਰ ਕੋਈ ਨਹੀਂ ਸਗੋਂ ਉਪਭੋਗੀ ਵਰਤੋਂ ਹੈ। ਇਸ ਕਰਕੇ ਹੀ ਕਵੀ ਉਨ੍ਹਾਂ ਨੂੰ ਘੁਣ ਖਾਧੀਆਂ ਕਹਿ ਕੇ ਅੰਦਰ ਸਜਾਉਣ ਤੋਂ ਇਨਕਾਰ ਕਰਦਾ ਹੈ। ਇਸ ਦੇ ਨਾਲ ਹੀ ਛੁਆਰਾ ਜੋ ਪੰਜਾਬੀ ਸਭਿਆਚਾਰ ਦਾ ਵਿਸ਼ੇਸ਼ ਚਿਹਨ ਹੈ, ਵੱਲ ਸੰਕੇਤ ਕਰਕੇ ਕਵੀ ਜ਼ਿੰਦਗੀ ਵਿਚ ਵਿਸ਼ਵਾਸ਼ ਦ੍ਰਿੜ ਕਰਦਾ ਹੈ। ਜ਼ਿੰਦਗੀ 'ਚ ਹਾਸੇ ਵਰਗਾ ਹੁਲਾਸ ਹੋਵੇ ਤਾਂ ਉਸਨੂੰ ਮਾਣੇ, ਪਰੰਤੂ ਇਥੇ ਤਾਂ ਬਾਜ਼ਾਰ, ਪੂੰਜੀ ਅਤੇ ਉਪਭੋਗਤਾ ਦਾ ਵਾਰਾ-ਪਹਿਰਾ ਹੈ ਜਿਹੜਾ ਸੰਵੇਦਨਸ਼ੀਲ, ਸੰਜੀਦਾ ਅਤੇ ਜ਼ਿੰਦਗੀ ਦੀ ਅਹਿਮੀਅਤ ਨੂੰ ਜਾਨਣ ਵਾਲੇ ਮਨੁੱਖ ਦੀ ਫਿਤਰਤ ਦੇ ਅਨੁਸਾਰੀ ਨਹੀਂ ਹੈ। ਸਰੋਦ ਸੁਦੀਪ ਦਾ ਕਾਵਿ ਪਾਤਰ ਇਸ ਤੋਂ ਇਨਕਾਰ ਕਰਦਾ ਹੈ। ਇਹ ਆਧੁਨਿਕ ਮਨੁੱਖ ਆਧੁਨਿਕ ਯੁੱਗ ਵਿਚ ਸਿਰਫ਼ ਰਹਿੰਦਾ ਹੀ ਨਹੀਂ, ਸਗੋਂ ਆਧੁਨਿਕ ਦ੍ਰਿਸ਼ਟੀ ਵਾਲਾ ਵਿਹਾਰ ਵੀ ਕਰਦਾ ਹੈ। ਉਸਦੀ ਮਰਜ਼ੀ ਅਤਾਰਕਿਕ ਨਹੀਂ ਕਿ ਉਹ ਅਨਾਰਕੀ ਫੈਲਾਵੇ ਸਗੋਂ ਉਹ ਪੂੰਜੀਤੰਤਰ ਦੇ ਪ੍ਰਬੰਧ ਤੋਂ ਪ੍ਰਤੀਰੋਧੀ ਬਣਕੇ ਇਕ ਚੇਤੰਨ ਮਨੁੱਖ ਹੋਣ ਦਾ ਪ੍ਰਮਾਣ ਦਿੰਦਾ ਹੈ। ਇਹ ਪਾਤਰ ਸਾਮੰਤੀ ਮਰਿਯਾਦਾਗਤ ਰੂਪ ਵਿਚ ਸਵੀਕਾਰ ਕਰਨ ਵਾਲਾ ਨਹੀਂ ਹੈ ਸਗੋਂ ਆਧੁਨਿਕ ਚੇਤਨਾ ਨਾਲ ਵਰੋਸਾਇਆ ਚੇਤੰਨ ਮਨੁੱਖ ਹੈ ਜੋ ਅਸਵੀਕਾਰ ਕਰ ਸਕਦਾ ਹੈ, ਪੂੰਜੀਵਾਦ ਦੀਆਂ ਵਸਤਾਂ ਨੂੰ ਘੁਣ ਖਾਧੀਆਂ ਕਹਿ ਕੇ ਭੱਜ ਸਕਦਾ ਹੈ। ਇਹ ਮਨੁੱਖ ਦੀ, ਕਿਉਂ ਅਤੇ ਕਿਵੇਂ ਦੇ ਆਧੁਨਿਕ ਤਰਕ ਨਾਲ ਦੂਸਰੀ ਧਿਰ ਨਾਲ ਸੰਵਾਦ ਕਰ ਸਕਦਾ ਹੈ। ਇਉਂ ਸਰੋਦ ਸੁਦੀਪ ਬਾਰ-ਬਾਰ ਇਸ ਚੇਤੰਨ ਮਨੁੱਖ ਦੀ ਪਛਾਣ ਕਰਵਾਉਂਦਾ ਚਲਿਆ ਜਾਂਦਾ ਹੈ। ਇਕ ਹੋਰ ਕਵਿਤਾ ਦੇਖੋ:-

... ... ... ... ...
... ... ... ... ...
*ਬਲਬ ਤੇ ਟਿਊਬਾਂ ਦੀ ਰੌਸ਼ਨੀ*
*ਲਿਪਸਟਿਕ, ਪਾਊਡਰ, ਬਿੰਦੀਆਂ, ਲਹਿਰਦੀਆਂ ਸਕਰਟਾਂ*
... ... ... ... ...
*ਲੰਮੀਆਂ ਲੰਮੀਆਂ ਸੜਕਾਂ*
... ... ... ... ...
*ਕਲੱਬ ਤੇ ਬੀਅਰ-ਬਾਰ*
*ਸਿਨਮੇ 'ਚ ਲੱਗੀ ਨਿਊਡ ਫਿਲਮ*
... ... ... ... ...
*ਓਥੇ ਖੰਭੇ ਹੇਠ ਬੈਠਾ ਮੈਂ*
*ਉਦਾਸੀ ਦੇ ਨਾ-ਮੁੱਕਣ ਵਾਲੇ ਪਲ* (ਲਓ ਇਹ ਖ਼ਤ ਪਾ ਦੇਣਾ - 33)

ਇਸ ਕਵਿਤਾ ਵਿਚ ਸ਼ਬਦ ਘੱਟ, ਪਰ ਖਾਲੀ ਥਾਂ ਜਿਸ ਨੂੰ ਕਵੀ ਬਿੰਦੀਆਂ ਲਾ ਕੇ ਖੁੱਲ੍ਹਾ ਛੱਡ ਦਿੰਦਾ ਹੈ, ਵੀ ਅਜਿਹੇ ਸ਼ਬਦਾਂ ਵੱਲ ਸੰਕੇਤ ਕਰਦਾ ਹੈ ਕਿ ਇਥੇ ਹੋਰ ਵੀ ਅਜਿਹੇ ਸ਼ਬਦ ਲਿਖੇ ਜਾ ਸਕਦੇ ਹਨ ਜੋ ਪੂੰਜੀ ਦੇ ਬਾਜ਼ਾਰਤੰਤਰ ਦਾ ਪ੍ਰਤੀਕ ਬਣ ਸਕਦੇ ਹਨ। ਪਰੰਤੂ ਸ਼ਾਇਰ ਕਲਾ ਸੰਜਮ ਵਰਤਦਿਆਂ ਹੋਇਆ ਇਹ ਸਾਰਾ ਕੁਝ ਪਾਠਕ ਉੱਪਰ ਛੱਡ ਦਿੰਦਾ ਹੈ। ਕਵਿਤਾ ਦੀ ਸਾਰੀ ਵੱਥ ਵਿਚ ਵਰਤੇ ਗਏ ਸ਼ਬਦ ਪੂੰਜੀਵਾਦ ਦੀ ਚਕਾਚੌਂਧ ਅਤੇ ਖਪਤੀ ਬਿਰਤੀ ਦਾ ਪ੍ਰਗਟਾਵਾ ਹਨ। ਇਹ ਸਾਰੇ ਮਸਨੂਈ ਖੁਸ਼ੀ ਦਾ ਪ੍ਰਤੀਕ ਹਨ ਜਿਨ੍ਹਾਂ ਵਿਚੋਂ ਮਨੁੱਖ ਅਤੇ ਮਨੁੱਖਤਾ ਖਾਰਜ ਹੈ। ਸ਼ਾਇਰ ਸ਼ਹਿਰ ਦੇ ਰੂਪਕ ਦੀ ਵਰਤੋਂ ਰਾਹੀਂ ਪੂੰਜੀਵਾਦ ਦੀ ਅਸਲ ਬਿਰਤੀ ਦਾ ਇਜ਼ਹਾਰ


**www.sanvad.org**
ISSN : 2395-1273

ਕਰਦਾ ਹੈ ਕਿ ਪੂੰਜੀਵਾਦ ਮਨੁੱਖ ਨੂੰ ਉਪਭੋਗੀ ਪਸ਼ੂ ਵਿਚ ਤਬਦੀਲ ਕਰ ਦਿੰਦਾ ਹੈ ਜਿਹੜਾ ਸ਼ਰਾਬ, ਜਿਸਮ ਅਤੇ ਕਾਮ ਵਿਚ ਡੁੱਬਕੇ ਆਪਣੇ ਮਨੁੱਖ ਦਾ ਭਰਮ ਪਾਲਦਾ ਹੈ। ਸ਼ਾਇਰ ਦਾ ਕਾਵਿ ਪਾਤਰ ਖੰਭੇ ਹੇਠ ਬੈਠਾ ਉਦਾਸੀ ਦੇ ਨਾ ਮੁੱਕਣ ਵਾਲੇ ਪਲਾਂ ਦਾ ਸੰਤਾਪ ਭੋਗ ਰਿਹਾ ਹੈ ਕਿਉਂਕਿ ਉਹ ਪੂੰਜੀ ਦੇ ਬਾਜ਼ਾਰਤੰਤਰ ਜਾਂ ਉਸ ਵਲੋਂ ਪਰੋਸ ਕੇ ਦਿੱਤੀ ਜੀਵਨ-ਜਾਚ ਤੋਂ ਇਨਕਾਰ ਕਰ ਦਿੰਦਾ ਹੈ। ਸਰੋਦ ਸੁਦੀਪ ਦਾ ਸਜੱਗ ਕਾਵਿ ਪਾਤਰ ਉਦਾਸ ਹੈ ਪਰ ਨਿਰਾਸ਼ ਨਹੀਂ। ਇਹੋ ਉਦਾਸੀ ਉਸ ਦੀ ਸੰਵੇਦਨਸ਼ੀਲਤਾ ਅਤੇ ਸੰਜੀਦਗੀ ਦਾ ਸੰਕੇਤ ਹੈ ਜੋ ਉਸ ਆਧੁਨਿਕ ਮਨੁੱਖ ਦਾ ਲੱਛਣ ਬਣਦੀ ਹੈ ਜਿਹੜਾ ਪੂੰਜੀਵਾਦ ਦੀ ਗ਼ੈਰਮਨੁੱਖੀ ਜੀਵਨ ਜਾਚ ਨੂੰ ਰੱਦ ਕਰ ਦਿੰਦਾ ਹੈ ਅਤੇ ਉਸ ਅੰਦਰ ਉਹ ਅਹਿਸਾਸਮਈ ਸਭ ਭਾਵਨਾਵਾਂ ਹਨ ਜੋ ਮਨੁੱਖ ਨੂੰ ਮਨੁੱਖ ਬਣਾਉਂਦੀਆਂ ਹਨ। ਇਉਂ ਸਰੋਦ ਸੁਦੀਪ ਦਾ ਕਾਵਿ ਪਾਤਰ ਆਪਣੇ ਯੁੱਗ ਦੇ ਵਿਧੀ-ਵਿਧਾਨ, ਉਸਦੀ ਫਿਤਰਤ, ਉਸਦਾ ਰਵੱਈਆ ਅਤੇ ਉਸਦੇ ਅੰਦਰ ਪਈ ਦਮਨਕਾਰੀ ਬਿਰਤੀ ਨੂੰ ਪਛਾਣਦਾ ਹੈ। ਅਜਿਹੀ ਪਛਾਣ ਹੀ ਕਿਸੇ ਸ਼ਾਇਰ ਦੇ ਕਾਵਿ-ਕਰਮ ਨੂੰ ਉਸ ਯੁੱਗ ਬੋਧ ਅਨੁਸਾਰੀ ਬਣਾਉਂਦੀ ਹੈ ਜੋ ਤੱਥਾਂ ਤੇ ਤੱਤਾਂ ਦੀ ਬਜਾਏ ਅਹਿਸਾਸ ਵਿਚ ਢਾਲਦੀ ਹੈ।

ਸਰੋਦ ਸੁਦੀਪ ਦੀ ਕਵਿਤਾ ਆਧੁਨਿਕ ਯੁੱਗ ਦੀ ਕਵਿਤਾ ਹੈ, ਆਧੁਨਿਕ ਯੁੱਗ ਨੇ ਸਾਮੰਤੀ ਯੁੱਗ ਦੇ ਮੁਕਾਬਲੇ ਮਨੁੱਖੀ ਜ਼ਿੰਦਗੀ ਪ੍ਰਤੀ ਵਿਭਿੰਨ ਵਿਸ਼ਵਾਸਾਂ ਨੂੰ ਸਾਹਮਣੇ ਲਿਆਂਦਾ ਹੈ। ਸਾਮੰਤੀ ਯੁੱਗ ਕੋਲ ਰੱਬ ਦਾ ਸ਼ਰਧਾਮੂਲਕ ਵਿਸ਼ਵਾਸ਼ ਸੀ। ਵਿਸ਼ਵ ਵਿਚ ਉਸ ਦੇ ਵੱਖ-ਵੱਖ ਭਾਈਚਾਰਿਆਂ ਵਿਚ ਰੂਪ ਵੱਖ-ਵੱਖ ਸਨ ਪਰੰਤੂ ਸ਼ਰਧਾਮੂਲਕ ਵਿਸ਼ਵਾਸ਼ ਲਗਭਗ ਇਕੋ ਜਿਹਾ ਸੀ। ਇਸ ਦੇ ਮੁਕਾਬਲੇ ਆਧੁਨਿਕ ਯੁੱਗ ਕੋਲ ਤਰਕ ਦਾ ਵਿਸ਼ਵਾਸ਼ ਹੋਣ ਕਰਕੇ ਵੰਨ-ਸੁਵੰਨੇ ਤਰਕ ਪੈਦਾ ਹੋ ਗਏ। ਇਸੇ ਕਰਕੇ ਇਹ ਯੁੱਗ ਇਕਹਿਰਾ ਨਹੀਂ ਹੈ ਸਗੋਂ ਵਧੇਰੇ ਗੁੰਝਲਦਾਰ ਅਤੇ ਜਟਿਲ ਹੈ। ਇਸ ਨਾਲ ਮਾਨਵੀ ਸਮਾਜ ਵਿਚ ਵੀ ਵਧੇਰੇ ਤਰਕ ਉੱਭਰ ਕੇ ਸਾਹਮਣੇ ਆਏ। ਆਧੁਨਿਕ ਮਨੁੱਖ ਇਕੋ ਤਰਕ ਨਾਲ ਬੱਝਿਆ ਹੋਇਆ ਨਹੀਂ ਹੈ। ਪੂੰਜੀਵਾਦੀ ਯੁੱਗ ਦੇ ਸਮਾਨਾਂਤਰ ਇਕ ਤੋਂ ਵਧੀਕ ਮਾਨਵੀ ਤਰਕਾਂ ਅਤੇ ਵਿਸ਼ਵਾਸਾਂ ਦਾ ਪ੍ਰਬੰਧ ਹੈ। ਇਸ ਲਈ ਆਧੁਨਿਕ ਕਵਿਤਾ ਵਿਚ ਵਿਭਿੰਨ ਤਰਕਾਂ-ਵਿਸ਼ਵਾਸ਼ਾਂ ਵਾਲੇ ਪਾਤਰਾਂ ਦੀ ਪਛਾਣ ਹੁੰਦੀ ਹੈ। ਸਰੋਦ ਸੁਦੀਪ ਦਾ ਪਾਤਰ ਪੂੰਜੀਤੰਤਰ ਦੀ ਅਮਾਨਵੀਅਤਾ ਦੇ ਖਿਲਾਫ਼ ਹੈ, ਪਰੰਤੂ ਇਹ ਇਕੱਲਾ ਹੈ, ਜਿਸ ਕੋਲ ਅਜਿਹਾ ਰਸਤਾ ਨਹੀਂ ਜੋ ਇਸਦਾ ਆਪਣਾ ਹੋਵੇ, ਆਪਣੀ ਇੱਛਾ ਦਾ ਹੋਵੇ। ਜਿੰਨ੍ਹੇ ਵੀ ਦੂਸਰੇ ਰਸਤੇ ਹਨ, ਉਹ ਅਧੂਰੇ, ਅਪੂਰੇ ਹਨ। ਇਹ ਅਜਨਬੀਅਤ ਪੂੰਜੀਤੰਤਰ ਵਿਚ ਕਦੇ ਕਿਰਤ ਨਾਲ ਕਿਰਤੀ ਦੇ ਵਿਯੋਗੇਪਣ ਵਿਚੋਂ ਪੈਦਾ ਹੁੰਦੀ ਹੈ ਅਤੇ ਕਦੇ ਮਨੁੱਖ ਦੇ ਸਾਹਵੇਂ ਅਪੂਰਨ ਰਸਤਿਆਂ/ਦ੍ਰਿਸ਼ਟੀਆਂ ਵਿਚੋਂ ਹੁੰਦੀ ਹੈ। ਸਰੋਦ ਸੁਦੀਪ ਦਾ ਪਾਤਰ ਅਪੂਰਨ ਰਸਤੇ ਦੀ ਘਾਟ ਵਿਚੋਂ ਅਜਨਬੀਅਤ ਦੇ ਅਹਿਸਾਸ ਵਿਚ ਲਹਿ ਜਾਂਦਾ ਹੈ:-

*ਜਿਸਨੂੰ ਅੱਜ ਮੈਂ ਸ਼ੀਸ਼ੇ 'ਚ ਤੱਕਿਆ*
*ਉਹ ਮੈਂ ਤਾਂ ਨਹੀਂ ਸੀ*
*ਕੋਈ ਹੋਰ ਸੀ*
*ਬੇ-ਪਛਾਣ ਨਜ਼ਰ*
*ਭਰੀ ਬਸਤੀ ਵਿਚ ਇਕੱਲਾ*
*ਪਲ ਪਲ ਦੀ ਜ਼ਹਿਰ ਪੀਂਦਾ*
*ਨਾ ਸਾਗਰ, ਨਾ ਕਿਨਾਰਾ*
*ਨਾ ਮਜ਼ਾਰ, ਨਾ ਦੀਵਾ*
*ਕੋਈ ਗੀਤ ਹੋਵੇ ਤਾਂ ਸੁਣਾਵੇ*
*ਕੋਈ ਬੋਲ ਹੋਵੇ ਤਾਂ ਦੱਸੇ*
*ਕੋਈ ਰਸਤਾ ਹੋਵੇ ਤਾਂ ਤੁਰੇ*
*ਇਹ ਜੋ ਰੋਣ ਦੀ ਆਵਾਜ਼ ਆਈ ਹੈ*
*ਮੇਰੀ ਤਾਂ ਨਹੀਂ*
*ਉਮਰ ਦੀ ਸਹੁੰ*
*ਮੈਂ ਢੂੰਡਦਾ ਹਾਂ ਆਪਣਾ ਅਸਲ*
*ਮੈਂ ਤਾਂ ਸੋਚਿਆ ਨਹੀਂ ਸੀ*
*ਕਿ ਤਸਵੀਰ ਬਦਲ ਜਾਵੇ*
*ਕਿ ਡਲ ਰੰਗ ਕੈਨਵਸ 'ਤੇ ਲਗ ਜਾਵਣ*

*ਕਿ ਮੋਇਆਂ ਨੂੰ ਮੌਰਾਂ 'ਤੇ ਚੁੱਕਾਂ*
*ਕਿ ਬਰਾਤ ਨੂੰ ਬਦਸ਼ਗਨੀ ਸਮਝਾਂ*
*ਕਿ ਦਿਨ ਨੂੰ ਰਾਤ ਆਖਾਂ*
*ਉਹ ਤਾਂ ਕੋਈ ਹੋਰ ਸੀ*
*ਜਿਸਨੂੰ ਮੈਂ ਅੱਜ ਸ਼ੀਸ਼ੇ 'ਚ ਤੱਕਿਆ।* (ਪਰਲੇ ਪਾਰ - 31)

ਕਾਵਿ ਪਾਤਰ ਭਰੀ ਬਸਤੀ ਵਿਚ ਇਕੱਲਾ ਹੈ। ਨਾ ਤਾਂ ਉਸ ਕੋਲ ਅਤੀਤ ਦਾ ਕੋਈ ਵਿਸ਼ਵਾਸ ਹੈ ਅਤੇ ਨਾ ਹੀ ਵਰਤਮਾਨ ਦਾ ਕੋਈ ਮਹਾਂ-ਬਿਰਤਾਂਤੀ ਵਿਸ਼ਵਾਸ ਹੈ। ਉਸ ਕੋਲ ਆਪਣਾ ਕੋਈ ਵਿਸ਼ਵਾਸ ਨਾ ਹੋਣ ਕਰਕੇ ਜ਼ਿੰਦਗੀ ਜਿਊਣ ਦਾ ਕੋਈ ਰਸਤਾ ਨਹੀਂ ਹੈ। ਭਰੇ ਹੋਏ ਸੰਸਾਰ ਵਿਚ ਵਿਭਿੰਨ ਵਿਸ਼ਵਾਸ਼ਾਂ ਵਾਲੇ, ਵੱਖੋ-ਵੱਖ ਤਰਕਾਂ ਵਾਲੇ ਅਤੇ ਵਿਭਿੰਨ ਪ੍ਰਤਿਰੋਧੀ ਦ੍ਰਿਸ਼ਟੀਆਂ ਵਾਲੇ ਲੋਕ ਹਨ, ਪਰੰਤੂ ਇਹ ਮਨੁੱਖ ਇਕੱਲਾ ਹੈ ਜੋ ਐਲਾਨ ਕਰਦਾ ਹੈ ਕਿ ਅਜਿਹਾ ਰਸਤਾ (ਦ੍ਰਿਸ਼ਟੀ) ਤਾਂ ਹੋਵੇ ਜਿਸ ਉੱਪਰ ਉਹ ਅਗਾਂਹ ਵਧੇ, ਕੋਈ ਜ਼ਿੰਦਗੀ ਜਿਊਣ ਲਈ ਗੀਤ ਤਾਂ ਹੋਵੇ ਜੋ ਉਹ ਸੁਣਾਵੇ। ਕੋਈ ਦੀਵਾ (ਸਿਧਾਂਤ) ਕੋਈ ਮਜ਼ਾਰ (ਵਿਸ਼ਵਾਸ), ਕੋਈ ਸਾਗਰ (ਸੁਪਨਾ) ਤਾਂ ਹੋਵੇ ਜਿਸ ਦੀ ਪ੍ਰਾਪਤੀ ਲਈ ਸੰਘਰਸ਼ ਕਰੇ। ਮੋਇਆਂ ਨੂੰ ਮੌਰਾਂ 'ਤੇ ਚੁੱਕਣ ਦੇ ਅਤੀਤਮਈ ਬੇਅਰਥੇ ਵਿਸ਼ਵਾਸ਼ ਤੋਂ ਮੁਕਤ ਇਹ ਮਨੁੱਖ ਬਰਾਤ ਨੂੰ ਬਦਸ਼ਗਨੀ ਸਮਝਣ ਤੇ ਦਿਨ ਨੂੰ ਰਾਤ ਆਖਣ ਵਾਲੀ ਐਬਸਰਡਿਟੀ ਤੋਂ ਵੀ ਸੁਰਖ਼ਰੂ ਹੈ, ਪਰੰਤੂ ਉਹ ਜ਼ਿੰਦਗੀ ਦੇ ਅਸਲੇ ਨੂੰ ਲੱਭਣ ਦਾ ਅਭਿਲਾਸ਼ੀ ਹੈ। ਇਸ ਸਥਿਤੀ ਵਾਲਾ ਆਧੁਨਿਕ ਮਨੁੱਖ ਜ਼ਿੰਦਗੀ ਵਿਚ ਵਿਸ਼ਵਾਸ ਬਾਰ-ਬਾਰ ਦ੍ਰਿੜ ਕਰਦਾ ਹੈ। ਸਰੋਦ ਸੁਦੀਪ ਆਪਣੀ ਕਵਿਤਾ ਵਿਚ ਮੁੜ-ਮੁੜ ਅਜਿਹੇ ਹੀ ਮਨੁੱਖ ਨੂੰ ਚਿਹਨਤ ਕਰਦਾ ਚਲਿਆ ਜਾਂਦਾ ਹੈ।

*ਚੁਰਾਹੇ 'ਚ ਖੜਾ ਮਨੁੱਖ*
*ਆਪਣੀ ਛਾਂ ਲੱਭਦਾ ਹੈ*

.....
*ਤੇ ਇਹ ਮਾਰੂਥਲ ਹੈ*
*ਜਿੱਥੇ ਨਾ ਪਾਣੀ, ਨਾ ਛਾਂ, ਨਾ ਦਿਸ਼ਾ*
*ਭੀੜ 'ਚ ਖਲੋਤਾ ਮਨੁੱਖ*
*ਇਕੱਲ ਦੀ ਪਿੱਠ ਪਲੋਸਦਾ*
*ਕਿਸ ਨੂੰ ਸੰਬੋਧਨ ਕਰੇ?*
*ਕੀਤੇ ਅਣਕੀਤੇ ਪੈਂਡੇ ਦਾ ਫਾਸਲਾ*
*ਗੁਨਾਹ, ਬੇਗੁਨਾਹ ਦੀ ਪ੍ਰੀਭਾਸ਼ਾ*
*ਮੁਹੱਬਤ ਤੇ ਨਫ਼ਰਤ ਦਾ ਸ਼ੁਰੂ ਤੇ ਅੰਤ*
*ਬੇਸ਼ੁਮਾਰ ਪ੍ਰਸ਼ਨ ਹੋਠਾਂ ਤੇ ਆਉਣ* (ਪਰਲੇ ਪਾਰ - 22-23)

ਸਰੋਦ ਸੁਦੀਪ ਦੀ ਆਰੰਭਲੀ ਕਵਿਤਾ ਵਿਚ ਇਹ ਭਾਵ-ਬੋਧ ਬਹੁਤ ਸੰਘਣੇ ਰੂਪ ਵਿਚ ਹੈ। ਉਸ ਦਾ ਪਾਤਰ ਪ੍ਰਸ਼ਨਾਂ ਨਾਲ ਭਰਿਆ ਖੜ੍ਹਾ ਹੈ। ਬੰਦੇ ਭੀੜ ਦਾ ਰੂਪ ਤਾਂ ਹਨ ਪਰੰਤੂ ਸੋਚਵਾਨ ਮਨੁੱਖ ਇਕੱਲਾ ਹੈ ਤੇ ਉਦਾਸ ਹੈ। ਇਹ ਉਦਾਸੀ, ਉਪਰਾਮਤਾ, ਬੇਗਾਨਗੀ ਉਸ ਆਧੁਨਿਕ ਮਨੁੱਖ ਦੀ ਹੈ ਜਿਹੜਾ ਜ਼ਿੰਦਗੀ ਨੂੰ ਹੋਰ ਤਰ੍ਹਾਂ ਚਿਤਵ ਕੇ ਜਿਊਣੀ ਚਾਹੁੰਦਾ ਹੈ ਪਰੰਤੂ ਪੂੰਜੀਤੰਤਰ ਦੇ ਆਪਾਧਾਪੀ ਅਤੇ ਖੋਹ-ਖਿੰਝ ਵਾਲੇ ਆਲਮ ਵਿਚ ਮਾਨਵਤਾ ਵਿਹੂਣੀ ਜ਼ਿੰਦਗੀ ਉਸ ਦਾ ਲਕਸ਼ ਬਣਾ ਦਿੱਤੀ ਗਈ ਹੈ। ਸ਼ਾਇਰ ਇਸ ਦੇ ਸੰਕੇਤ ਬਾਰ-ਬਾਰ ਬਾਜ਼ਾਰ ਦੇ ਰੂਪ ਵਿਚ ਦਿੰਦਾ ਹੈ। ਇਹ ਮਾਨਵੀ ਸਮਾਜ ਨਹੀਂ ਜਿੱਥੇ ਮਨੁੱਖ, ਮਨੁੱਖ ਨਾਲ ਸੰਵਾਦ ਕਰ ਸਕੇ। ਇਹ ਬੰਦਿਆਂ ਦੀ ਬੰਦਿਆਈ ਵਾਲਾ ਸਮਾਜ ਨਹੀਂ ਉਲਟਾ ਖਪਤੀ ਲੋਕਾਂ ਦੀ ਭੀੜ ਹੈ। ਇਸ ਨੂੰ ਸ਼ਾਇਰ ਮਾਰੂਥਲ ਕਹਿੰਦਾ ਹੈ ਜਿੱਥੇ ਬੰਦਿਆਂ ਵਾਲੀ ਨਾ ਛਾਂ ਹੈ, ਨਾ ਪਾਣੀ। ਅਜਿਹੇ ਪਥਰਾਏ ਸਮਾਜ ਵਿਚ ਸੰਵੇਦਨਸ਼ੀਲ ਮਨੁੱਖ ਕਿਸਨੂੰ ਸੰਬੋਧਨ ਕਰੇ, ਕਿਸ ਨਾਲ ਸੰਵਾਦ ਕਰੇ। ਇਸੇ ਕਰਕੇ ਪੂੰਜੀ ਅਤੇ ਵਸਤੂਆਂ ਦੀ ਲਲਸਾਈ ਭੀੜ ਵਿਚ ਇਕੱਲਾ ਇਹ ਮਨੁੱਖ ਪ੍ਰਸ਼ਨਾਂ ਨਾਲ ਭਰਿਆ ਖੜ੍ਹਾ ਹੈ। ਮਾਨਵੀ ਅਰਥਾਂ ਦੀ ਤਲਾਸ਼ ਦਾ ਚਾਹਵਾਨ ਪਾਤਰ ਪੂੰਜੀ ਦੇ ਹਾਬੜੇ ਸੰਸਾਰ ਵਿਚ ਮਨੁੱਖ ਤੋਂ ਲੋਥ ਬਣੇ ਇਨਸਾਨਾਂ ਦੇ ਗ਼ੈਰਮਾਨਵੀ ਆਹਰਾਂ ਪ੍ਰਤੀ ਸੰਕੇਤ ਕਰਕੇ ਪੂੰਜੀ ਦੀ ਧਾਕੜ ਸ਼ਕਤੀ ਦਾ ਮਾਰਮਿਕ ਪ੍ਰਗਟਾਵਾ ਕਰਦਾ ਹੈ। ਪੂੰਜੀ ਦਾ ਸਮਾਜ ਆਪਣੇ ਅਨੁਸਾਰੀ ਮਨੁੱਖ ਨੂੰ ਘੜਦਾ ਹੈ। ਇਹ ਘੜਿਆ ਮਨੁੱਖ ਬਾਜ਼ਾਰੂ ਵਸਤੂਆਂ 'ਚ ਗਰਕ ਕੇ ਬੰਦੇ ਤੋਂ ਲੋਥ ਵਿਚ ਪਲਟ ਜਾਂਦਾ ਹੈ। ਇਨ੍ਹਾਂ ਲੋਥਾਂ ਦਾ ਸਮੁੱਚਾ ਵਰਤ-ਵਿਹਾਰ ਹੀ

ਗ਼ੈਰਕੁਦਰਤੀ, ਗ਼ੈਰ ਇਨਸਾਨੀ ਅਤੇ ਗ਼ੈਰ ਸਮਾਜੀ ਬਣ ਜਾਂਦਾ ਹੈ। ਇਸੇ ਲਈ ਉਸ ਦੀ ਕਵਿਤਾ ਦਾ ਪਾਤਰ 'ਮਨੁੱਖ' ਨੂੰ ਲੱਭਦਿਆਂ ਚੀਖ਼ ਉੱਠਦਾ ਹੈ:-

*ਸੰਘਣੀ*
*ਦਰਦੀਲੀ ਹਵਾ 'ਚ*
*ਏਥੇ ਤਾਂ ਕੋਈ ਨਹੀਂ*
*ਫਿਰ ਰੁਦਨ ਕੌਣ ਕਰਦਾ ਹੈ?*
*ਮੇਰਾ ਜ਼ਿਹਨ ਤਾਂ*
*ਸੱਖਣੇ ਬਾਜ਼ਾਰਾਂ 'ਚ*
*ਘੁੰਮ ਆਇਆ*
*ਪਰ ਇਹ ਭੀੜ...*
*ਲੋਥਾਂ ਦੀ ਭੀੜ*
*ਕਿਸ ਆਹਰ ਲੱਗੀ ਹੈ*
*ਅੱਖਾਂ ਤੋਂ ਬਿਨਾਂ*
*ਪਲਾਸਟਿਕ ਦੇ ਹੋਠਾਂ ਦਾ ਹਾਸਾ*
*ਬੇ-ਰੌਣਕ ਮੇਲੇ 'ਚ*
*ਕਿਉਂ ਖਿੱਲੀਆਂ ਪਾ ਰਿਹੈ?*
*ਸੜਕ ਦੇ ਮੋੜ 'ਤੇ*
*ਮੈਂ ਚੀਖਦਾ ਹਾਂ*
*"ਕਿਤੇ ਕੋਈ ਮਨੁੱਖ ਹੈ*
*ਕੋਈ ਮਨੁੱਖ...."* (ਪਰਲੇ ਪਾਰ 36)

ਸੁਆਲ ਇਹ ਹੈ ਕਿ ਸੰਘਣੀ ਦਰਦੀਲੀ ਹਵਾ ਪੈਦਾ ਕਿਥੋਂ ਹੁੰਦੀ ਹੈ? ਸ਼ਾਇਰ ਪਾਠਕ ਲਈ ਸੁਆਲ ਖੜ੍ਹਾ ਕਰਦਾ ਹੈ ਕਿ ਜਿਉਂਦੇ ਜਾਗਦੇ ਮਨੁੱਖਾਂ ਨੂੰ ਲੋਥਾਂ ਕੌਣ ਬਣਾਉਂਦਾ ਹੈ? ਇਹ ਬੰਦੇ ਅੱਖਾਂ ਵਿਹੂਣੇ (ਦ੍ਰਿਸ਼ਟੀਹੀਣ) ਕਿਸਨੇ ਕੀਤੇ ਹਨ? ਇਹ ਮਨੁੱਖਤਾ ਤੋਂ ਵਿਹੂਣੀ ਮਸਨੂਈ ਜ਼ਿੰਦਗੀ ਮਨੁੱਖ ਨੂੰ ਕਿਸਨੇ ਦਿੱਤੀ ਹੈ? ਇਨ੍ਹਾਂ ਸੁਆਲਾਂ ਦੇ ਸਨਮੁੱਖ ਸ਼ਾਇਰ ਵੀ ਹੈ ਅਤੇ ਉਹ ਪਾਠਕ ਨੂੰ ਵੀ ਇਨ੍ਹਾਂ ਦੇ ਸਨਮੁੱਖ ਕਰਦਾ ਹੈ। ਇਸੇ ਕਰਕੇ ਇਸ ਕਵਿਤਾ ਦੀ ਤਰਬੀਅਤ ਆਧੁਨਿਕ ਹੈ। ਸਰੋਦ ਸੁਦੀਪ ਜੀਵਨ ਨੂੰ ਮਾਨਵੀ ਤੇ ਮਾਨਵਕਾਰੀ ਬਣਾਉਣ ਵਾਲੇ ਲੋਕਾਂ (ਫਿਰ ਰੁਦਨ ਕੌਣ ਕਰਦਾ ਹੈ?) ਨੂੰ ਚਿਹਨਤ ਕਰਦਿਆਂ ਉਸ ਪ੍ਰਬੰਧ ਵੱਲ ਸੰਕੇਤ ਕਰਦਾ ਹੈ ਜੋ ਨਵ-ਜੀਵਨ ਦੀ ਤਲਾਸ਼ ਦੇ ਖ਼ਾਤਮੇ ਦਾ ਪ੍ਰਬੰਧ ਹੈ। ਇਥੇ ਹੀ ਉਸਦੇ ਖੜ੍ਹੇ ਕੀਤੇ ਸੁਆਲ ਹੋਰ ਗਹਿਰੇ ਹੋ ਜਾਂਦੇ ਹਨ। ਇਸ ਪੱਖ ਤੋਂ ਉਸਦੀ ਲੰਮੀ ਨਜ਼ਮ 'ਲਾ ਬੈਲੇ' ਪੜ੍ਹਨਯੋਗ ਹੈ ਜੋ ਗਹਿਰ ਗੰਭੀਰ ਰੂਪ ਵਿਚ ਇਨ੍ਹਾਂ ਸੁਆਲਾਂ ਨਾਲ ਗੁੱਥਮ-ਗੁੱਥਾ ਹੈ :

*ਉਸਨੇ ਗੀਤਾਂ 'ਚ ਤਾਰੇ ਗੁੰਦੇ ਸੀ*
*ਅਹਿਸਾਸਾਂ 'ਚ ਪਲ ਟੰਗੇ ਸਨ*
*ਖ਼ੁਦ ਪੰਛੀ ਸੀ ਅਸਮਾਨ 'ਚ*
*ਸਿਤਾਰ ਦੀ ਤਾਰ 'ਤੇ ਨਜ਼ਮਾਂ ਸਨ*
*ਨਗਰ ਨੂੰ ਲੱਗਾ ਓਪਰਾ ਆਦਮੀ ਫਿਰਦਾ ਹੈ*
*ਨਗਰ ਨੇ ਹਥਿਆਰ ਚੁੱਕੇ ਸਨ*

*ਕਹਿਰ ਦਾ ਇਕੋ ਪਾਸਾ ਹੁੰਦਾ ਹੈ*
*ਕਹਿਰ ਢਾਹੁਣਾ*
*ਭੀੜ ਦਾ ਚੱਕਰ ਬਣਾ ਕੇ ਖੜ੍ਹ ਜਾਣਾ*
*ਸ਼ਿਕਾਰ ਦੇ ਮਰਨ ਤਕ ਦਾ ਇੰਤਜ਼ਾਰ ਕਰਨਾ*
*'ਇਹ ਫਿਰ ਉਠੇਗਾ ਤੇ ਗਾਉਣ ਲੱਗੇਗਾ'*
*'ਫਿਰ ਉਠੇਗਾ ਤਾਂ ਸਿਰੀ ਫੇਰ ਫੇਹ ਦਿਆਂਗੇ'*

*ਖ਼ਤਾਂ ਤੋਂ ਅੱਖਰ ਉਠੇ*
*ਹਰ ਗਲੀ ਹਰ ਮੋੜ 'ਤੇ ਜਾ ਟਿਕੇ*
*ਅੱਖਰ ਕਾਹਦੇ ਸਨ... ਕੁਕਨੂਸ ਸਨ...*
*'ਅੱਗ ਫੇਰ ਜਗੇਗੀ*
*ਤਾਂ ਪਾਣੀ ਪਾ ਦਿਆਂਗੇ*
*ਚਾਨਣ ਖਿਲਰੇਗਾ*
*ਤਾਂ ਦੀਵਾਰਾਂ ਉੱਚੀਆਂ ਕਰ ਦੇਵਾਂਗੇ*
*ਅਸੀਂ ਸੂਰਜ ਨੂੰ ਹੀ*
*ਏਥੋਂ ਕੱਢ ਦਿਆਂਗੇ*
*ਆਪਣੀਆਂ ਆਵਾਜ਼ਾਂ ਮਗਰ ਤੋਰਾਂਗੇ*
*ਜਿਸ ਬੰਸਰੀ 'ਚੋਂ ਸੁਰ ਨਿਕਲਦੀ ਹੈ*
*ਉਸ ਦੀ ਸੁਰ ਵਿਗਾੜ ਦਿਆਂਗੇ'* (ਪਰਲੇ ਪਾਰ - 176-177)

ਸਰੋਦ ਸੁਦੀਪ ਬਹੁਤ ਸੰਕੇਤਕ ਭਾਸ਼ਾ ਵਿਚ ਪ੍ਰਬੰਧ ਦੇ ਵਿਪਰੀਤ ਸੋਚਣ ਵਾਲੇ ਮਨੁੱਖ ਦੀ ਹੋਂਦ ਅਤੇ ਹੋਣੀ ਨੂੰ ਸੱਤਾ ਕਿਵੇਂ ਦਰੜ ਦਿੰਦੀ ਹੈ, ਬਾਰੇ ਬਹੁਤ ਭਾਵਪੂਰਤ ਢੰਗ ਨਾਲ ਉਸਾਰ ਕੇ ਇਸ ਸੋਚ ਦਾ ਹਿੱਸਾ ਬਣਾਉਂਦਾ ਹੈ ਕਿ ਸੱਤਾ ਬਹੁਤ ਜਾਬਰ ਹੁੰਦੀ ਹੈ। ਜੋ ਲੋਕ ਗੀਤਾਂ ਵਿਚ ਤਾਰੇ ਗੁੰਦਦੇ ਹਨ, ਜੋ ਬਿਹਤਰ ਸਮਾਜ ਦਾ ਸੁਪਨ-ਸੰਸਾਰ ਸਿਰਜ ਕੇ ਮਨੁੱਖ ਨੂੰ ਉਸ ਰਸਤੇ ਤੋਰਦੇ ਹਨ ਤਾਂ ਸੱਤਾ ਸਿਰੀ ਵੀ ਫੇਹ ਸਕਦੀ ਹੈ ਤੇ ਬਾਰ-ਬਾਰ ਦਰੜ ਸਕਦੀ ਹੈ। ਸਰੋਦ ਸੁਦੀਪ ਦਾ ਜਾਬਰ ਸੱਤਾ ਨੂੰ ਦਮਨਕਾਰੀ ਰੂਪ ਵਿਚ ਸਿਰਜਣਾ, ਉਸ ਦੇ ਰਾਜਸੀ ਰੂਪ ਵਿਚ ਸੁਚੇਤ ਹੋਣ ਨੂੰ ਅੰਕਿਤ ਕਰਦਾ ਹੈ। ਇਹ ਸੰਵਾਦ ਸਰੋਦ ਸੁਦੀਪ ਦਾ ਆਪਣੇ ਵੇਲੇ ਦੀ ਜੁਝਾਰ ਵਿਦਰੋਹੀ ਕਵਿਤਾ ਨਾਲ ਪ੍ਰਤੀਤ ਹੁੰਦਾ ਹੈ, ਜਿਹੜੀ ਸੱਤਾ ਦੀ ਤਾਕਤ ਅਤੇ ਦਮਨ ਦਾ ਬਹੁਤ ਸਰਲੀਕਰਨ ਕਰ ਦਿੰਦੀ ਸੀ। ਸਰੋਦ ਸੁਦੀਪ ਦਾ ਉਸ ਸਰਲੀਕਰਨ ਦੇ ਸਮਾਨਾਂਤਰ ਸੱਤਾ ਦੇ ਜਟਿਲ, ਸੰਘਣੇ ਅਤੇ ਖ਼ਤਰਨਾਕ ਪੱਧਰ ਤਕ ਦਮਨਕਾਰੀ ਰੂਪ ਨੂੰ ਸਿਰਜਣਾ ਨਿਸ਼ਚੇ ਹੀ ਡੂੰਘੀ ਰਾਜਸੀ ਸੂਝ ਦਾ ਲਖਾਇਕ ਹੈ।

ਸਰੋਦ ਸੁਦੀਪ ਮਹਾਂ-ਬਿਰਤਾਂਤੀ ਸੁਪਨੇ ਦੀਆਂ ਚਿਲਕੋਰਾਂ ਆਪਣੀ ਕਵਿਤਾ ਵਿਚ ਸਿਰਜਦਾ ਹੈ ਪਰੰਤੂ ਮਹਾਂ-ਬਿਰਤਾਂਤ ਦਾ ਰੋਮਾਂਸ ਪੈਦਾ ਨਹੀਂ ਹੋਣ ਦਿੰਦਾ। ਇਸੇ ਕਰਕੇ ਇਹ ਕਵਿਤਾ ਵੱਡੇ-ਵੱਡੇ ਆਦਰਸ਼ਾਂ ਦੇ ਇਰਦ-ਗਿਰਦ ਕੋਈ ਬਿਰਤਾਂਤ ਨਹੀਂ ਸਿਰਜਦੀ। ਉਹ ਜ਼ਿੰਦਗੀ ਦੀ ਚਾਹਤ ਵਿਚ ਛੋਟੇ-ਛੋਟੇ ਅਹਿਸਾਸਾਂ ਵਿਚੋਂ ਇਕ ਅਜਿਹੇ ਵਿਸ਼ਵਾਸ਼ ਨੂੰ ਵੀ ਸਿਰਜਣ ਲਈ ਅਹੁਲਦਾ ਹੈ ਜਿੱਥੇ ਜੀਵਨ ਅਪਣੱਤ ਨਾਲ ਭਰਿਆ ਹੋਇਆ ਹੈ। ਅਜਿਹੇ ਨਿੱਕੇ-ਨੰਨ੍ਹੇ ਅਹਿਸਾਸ ਮਨੁੱਖ ਅੰਦਰ ਚਕਾਚੌਂਧ ਪੈਦਾ ਨਹੀਂ ਕਰਦੇ ਸਗੋਂ ਉਲਟੇ ਰੁਖ ਜ਼ਿੰਦਗੀ ਵਿਚ ਵਿਸ਼ਵਾਸ਼, ਹੁਲਾਸ, ਆਨੰਦ ਪੈਦਾ ਕਰਦੇ ਹਨ:-

*ਉਹ ਔਰਤ ਮੈਨੂੰ ਹਾਲਾਂ ਵੀ ਯਾਦ ਹੈ*
*ਜੋ ਕਾਊਂਟਰ ਤੋਂ ਬਟਨ ਚੁਗ ਰਹੀ ਸੀ*
*ਪੂਰੀ ਸੁਰਤ ਨਾਲ*
*ਇਕਾਗਰਤਾ ਨਾਲ*
*ਬਟਨਾਂ ਦੇ ਸਾਈਜ਼*
*ਬਟਨਾਂ ਦੇ ਰੰਗ*
*ਸ਼ਾਇਦ ਉਸਨੇ ਆਪਣੇ ਪਤੀ ਦੇ ਕਮੀਜ਼ 'ਤੇ ਲਾਉਣੇ ਹੋਣ*
*ਸ਼ਾਇਦ ਨਿੱਕੇ ਬੱਚੇ ਦੀ ਸ਼ਰਟ ਨਾਲ*
*ਜੋ ਹੁਣੇ ਹੁਣੇ ਸਕੂਲ ਜਾਣ ਲੱਗਾ ਹੋਊ*
*ਉਹ ਚੁਣ ਰਹੀ ਸੀ ਇਕ ਬਟਨ ਤੋਂ ਬਾਅਦ ਦੂਸਰਾ*
*ਮੈਂ ਹਾਂ ਕਿ ਪੈਸੇ ਵਗਾਹ ਸੁੱਟਦਾ ਹਾਂ*
*ਦੁਕਾਨਾਂ 'ਤੇ, ਰੇੜ੍ਹੀਆਂ 'ਤੇ*
*ਚੀਜ਼ਾਂ ਨੂੰ ਭਰੀ ਜਾਵਾਂਗਾ ਥੈਲੇ 'ਚ*
*ਅੰਨ੍ਹੇਵਾਹ*


**www.sanvad.org**
ISSN : 2395-1273

*ਬਿਨਾਂ ਰੀਝ*
*ਬਿਨਾਂ ਤਕਣੀ*
*ਬਿਨਾਂ ਵਕਤ ਲਾਇਆਂ*
*ਇਕ ਕਾਹਲ ਜਿਵੇਂ ਸ੍ਰਿਸ਼ਟੀ ਮੁੱਕ ਚੱਲੀ ਹੋਵੇ।*
*ਉਹ ਔਰਤ ਹੁਣ ਬਟਨਾਂ ਦੇ ਰੰਗ ਦੇਖ ਰਹੀ ਸੀ*
*ਥੋੜੀ ਜਿਹੀ ਪੂੰਜੀ ਸੀ*
*ਪੈਸਿਆਂ ਦੀ ਉਹਦੇ ਕੋਲ*
*ਉਹ ਬਟਨ ਲਾਉਣ ਵੇਲੇ ਵੀ*
*ਗੀਤ ਗਾਉਂਦੀ ਹੋਊ* (ਲਓ ਇਹ ਖ਼ਤ ਪਾ ਦੇਣਾ - 56)

ਇਸ ਕਵਿਤਾ ਦੇ ਅਰਥਾਂ ਦੀਆਂ ਕਈ ਪਰਤਾਂ ਹਨ। ਸਿੱਧੇ ਰੁਖ ਇਹ ਕਵਿਤਾ ਦੋ ਤਰ੍ਹਾਂ ਦੇ ਲੋਕਾਂ ਦਾ ਚਿਤਰਣ ਕਰਦੀ ਹੈ। ਇਕ ਉਹ ਜਿੰਨ੍ਹਾਂ ਕੋਲ ਪੈਸਾ ਹੈ, ਉਹ ਬਿਨ੍ਹਾਂ ਰੀਝ ਅੰਨ੍ਹੇਵਾਹ ਉਡਾ ਦਿੰਦੇ ਹਨ। ਪਰੰਤੂ ਖ਼ੁਸ਼ੀ ਤੇ ਹੁਲਾਸ ਤੋਂ ਸੱਖਣੇ ਹੁੰਦੇ ਹਨ। ਦੂਜਾ ਉਹ ਜਿੰਨ੍ਹਾਂ ਕੋਲ ਸੀਮਤ ਸਾਧਨ ਅਤੇ ਪੈਸੇ ਹਨ ਪਰੰਤੂ ਉਹ ਕਿਰਸ ਕਰਦੇ ਹੋਏ ਵੀ ਰੀਝ ਅਤੇ ਹੁਲਾਸ ਨਾਲ ਭਰੇ ਹੋਏ ਹੁੰਦੇ ਹਨ। ਇਸ ਦੇ ਅਰਥਾਂ ਦੀ ਇਕ ਪਰਤ ਇਹ ਵੀ ਹੈ ਕਿ ਔਰਤ ਸੰਵੇਦਨਸ਼ੀਲ ਹੈ ਅਤੇ ਉਹ ਰਿਸ਼ਤਿਆਂ ਪ੍ਰਤੀ ਸੁਹਿਰਦ ਹੈ ਅਤੇ ਆਪਣੇ ਕੰਮ ਵਿਚ ਦਿਆਨਤਦਾਰ ਹੈ। ਇਸ ਦੀ ਇਕ ਪਰਤ ਇਹ ਵੀ ਬਣਦੀ ਹੈ ਕਿ ਧਨ ਤੁਹਾਡੇ ਜੀਵਨ ਅਤੇ ਮਨ ਦੀ ਖ਼ੁਸ਼ੀ ਦਾ ਇਕੋ ਇਕ ਸਾਧਨ ਨਹੀਂ ਸਗੋਂ ਜੀਵਨ ਅਤੇ ਮਨ ਦੀ ਖ਼ੁਸ਼ੀ ਲਈ ਮਾਨਵੀ ਅਹਿਸਾਸ ਦਾ ਹੋਣਾ ਜ਼ਰੂਰੀ ਹੈ। ਇਉਂ ਹੀ ਵਿਚਾਰਧਾਰਕ ਤੌਰ ’ਤੇ ਇਸ ਦੀ ਸੂਖ਼ਮ ਪਰਤ ਇਹ ਵੀ ਹੈ ਕਿ ਪੈਸਾ/ਧਨ ਕੇਂਦਰਿਤ ਸਮਾਜ ਮਨੁੱਖ ਨੂੰ ਬੇਅਰਥ ਰੂਪ ’ਚ ਚੀਜ਼ਾਂ-ਵਸਤਾਂ ਨਾਲ ਥੈਲੇ ਤਾਂ ਭਰਨ ਲਾ ਦਿੰਦਾ ਹੈ ਪਰੰਤੂ ਜ਼ਿੰਦਗੀ ਜਿਊਣ ਦਾ ਸਲੀਕਾ, ਚਾਹਤ, ਸੁਪਨਾ ਨਹੀਂ ਦਿੰਦਾ। ਇਸ ਲਈ ਜ਼ਿੰਦਗੀ ਜਿਊਣ ਲਈ ਇਕ ਅਹਿਸਾਸ ਵਾਲੇ ਸੰਵੇਦਨਸ਼ੀਲ ਮਨੁੱਖ ਦੀ ਜ਼ਰੂਰਤ ਹੈ। ਇਥੇ ਕਵੀ ਪਾਠਕ ਦੇ ਚਿੰਤਨ ਲਈ ਇਕ ਖੁਲ੍ਹੀ ਤੇ ਵਿਸ਼ਾਲ ਸਪੇਸ ਛੱਡਦਾ ਹੈ ਕਿ ਕੀ ਉਸ ਨੇ ਵਸਤੂਵਾਦੀ ਜੀਵਨ ਸਵੀਕਾਰਨਾ ਹੈ ਜਾਂ ਮੁਹੱਬਤ ਨਾਲ ਭਰੀ ਉਸ ਔਰਤ ਦੀ ਜੀਵਨ-ਜਾਚ ਨੂੰ ਸਵੀਕਾਰਨਾ ਹੈ। ਇਨ੍ਹਾਂ ਦੋਨਾਂ ਦਾ ਅੰਤਰ ਤਾਂ ਕਵੀ ਕਵਿਤਾ ਵਿਚ ਹੀ ਸੰਚਾਰ ਦਿੰਦਾ ਹੈ ਪਰੰਤੂ ਉਹ ਉਭਾਸਰ ਕੇ ਕਿਧਰੇ ਵੀ ਸੰਕੇਤ ਨਹੀਂ ਕਰਦਾ ਕਿ ਪਾਠਕ ਨੇ ਕਿਸਨੂੰ ਸਵੀਕਾਰਨਾ ਹੈ। ਬਸ ਇਹੋ ਕਵਿਤਾ ਦੀ ਸੂਖ਼ਮ ਕਲਾ ਹੈ ਕਿ ਕਵੀ ਨੇ ਇਕ ਸਥਿਤੀ ਦਾ ਅਜਿਹਾ ਕਲਾਤਮਕ ਚਿੱਤਰ ਸਿਰਜਿਆ ਹੈ ਜਿਥੋਂ ਉਸਨੂੰ ਆਪਣਾ ‘ਸੰਦੇਸ਼ ਬੋਲਣ’ ਦੀ ਜ਼ਰੂਰਤ ਨਹੀਂ ਰਹੀ।

ਸਰੋਦ ਸੁਦੀਪ ਦੀ ਕਵਿਤਾ ਦੀ ਇਕ ਸੂਖ਼ਮ ਪਰਤ ਇਹ ਵੀ ਹੈ ਕਿ ਉਹ ਨਿਰਉਚੇਚ ਰੂਪ ਵਿਚ ਆਪਣੇ ਵਿਚਾਰ ਨੂੰ ਸੰਚਾਰਦਾ ਹੈ। ਇਹ ਵਿਚਾਰ ਦੇਖਣ ਨੂੰ ਵਡੇਰਾ ਪ੍ਰਤੀਤ ਨਹੀਂ ਹੁੰਦਾ ਪਰੰਤੂ ਸਮਝਣ ਲਈ ਵਿਸ਼ਾਲ ਅਰਥਾਂ ਵਾਲਾ ਹੁੰਦਾ ਹੈ। ਇਹ ਅਰਥ ਇਕੋ ਝਟਕੇ ਨਾਲ ਸਤਹਿ ਤੋਂ ਉੱਠਕੇ ਪੂਰੀ ਕਾਇਨਾਤ ਵਿਚ ਫੈਲ ਜਾਂਦੇ ਹਨ ਅਤੇ ਕਵਿਤਾ ਬਹੁਅਰਥੀ ਬਣਨ ਲਗ ਜਾਂਦੀ ਹੈ :

*ਧਰਤੀ ’ਤੇ ਖਿੜੇ ਫੁੱਲਾਂ ਦੇ ਨਾਂ ਗਿਣੋ*
*ਗੁਲਾਬ, ਚੰਬਾ, ਸੂਰਜਮੁਖੀ, ਰਾਤ-ਰਾਣੀ*
*ਤੇ ਹੋਰ ਬਹੁਤ ਸਾਰੇ*
*ਦੇਖੋ, ਚੁਣੋ, ਬਾਲਾਂ ਦੇ ਵਾਲਾਂ ’ਚ ਟੁੰਗ ਦਿਓ*
*ਤੇ ਨਾਂ ਰੱਖੋ ਖ਼ੁਸ਼ੀ*

*ਚੰਗਾ ਜਿਹਾ ਘਰ*
*ਚੰਗਾ ਜਿਹਾ ਪਿੰਡ*
*ਚੰਗਾ ਜਿਹਾ ਸ਼ਹਿਰ*

*ਹਰ ਥਾਂ*
*ਹਰ ਜਗ੍ਹਾ*
*ਤੁਹਾਡਾ ਆਪਣਾ ਵਿਹੜਾ*
*ਤੇ ਚੀਚ-ਵਾਹੁਟੀ*

*ਇਕ ਆਜੜੀ*
*ਉਹਦੀਆਂ ਗੱਲਾਂ, ਭੇਡਾਂ ਨਾਲ, ਬੱਕਰੀਆਂ ਨਾਲ*
*ਇਕ ਬੰਸਰੀ ਤੁਹਾਡੇ ਹੱਥ ਵਿਚ*
*ਇਕ ਬੰਸਰੀ ਮੇਰੇ ਹੱਥ ਵਿਚ*
*ਤੇ ਇਕ ਨਾਂ ਲਿਖੋ   ਮੁਹੱਬਤ*
*'ਬਈ ਵਾਹ ਹੋ ਗਈ,' ਸਾਰੇ ਆਖਣ*
*ਧਰਤੀ 'ਤੇ ਖਿੜੇ ਫੁੱਲਾਂ ਦੇ ਨਾਂ ਗਿਣੋ*
*ਗੁਲਾਬ*
*ਚੰਬਾ*
*ਸੂਰਜਮੁਖੀ*
*ਰਾਤ-ਰਾਣੀ ਤੇ ਹੋਰ ਬਹੁਤ ਸਾਰੇ* (ਲਓ ਇਹ ਖ਼ਤ ਪਾ ਦੇਣਾ 52)

ਇਸ ਕਵਿਤਾ ਦੇ ਪ੍ਰਮੁੱਖ ਚਿਹਨ ਫੁੱਲ, ਬਾਲ, ਘਰ, ਪਿੰਡ, ਸ਼ਹਿਰ, ਆਜੜੀ, ਬੰਸਰੀ, ਮੁਹੱਬਤ ਹਨ। ਸ਼ਾਇਰ ਇਨ੍ਹਾਂ ਚਿਹਨਾਂ ਰਾਹੀਂ ਪੂਰੀ ਕਾਇਨਾਤ ਨੂੰ ਇਕ ਬੱਝਵੀਂ ਇਕਾਈ ਵਿਚ ਪਰੋ ਦਿੰਦਾ ਹੈ। ਬਾਲ ਮਨੁੱਖੀ ਜੀਵਨ ਦੇ ਭਵਿੱਖ ਦਾ ਪ੍ਰਤੀਨਿਧ ਚਿਹਨ ਹੈ। ਇਨ੍ਹਾਂ ਦੇ ਵਾਲਾਂ ਵਿਚ ਫੁੱਲਾਂ ਦਾ ਟੁੰਗਣਾ ਓਸ ਚੰਗੇਰੇ ਭਵਿੱਖ ਵਾਲੇ ਸਮਾਜ ਦਾ ਸੁਪਨਾ ਹੈ ਜਿੱਥੇ ਚੰਗਾ ਘਰ, ਚੰਗਾ ਪਿੰਡ, ਚੰਗਾ ਸ਼ਹਿਰ ਭਾਵ ਚੰਗਾ ਸਮਾਜ ਹੋਵੇਗਾ। ਕਮਾਲ ਇਹ ਹੈ ਕਿ ਇਸ ਵਿਚ ਤੇਰ-ਮੇਰ ਨਹੀਂ ਹੋਵੇਗੀ ਸਗੋਂ ਆਪਣਾ ਵਿਹੜਾ ਹੋਵੇਗਾ, ਸਮੁੱਚਾ ਸੰਸਾਰ ਮਨੁੱਖ ਦਾ ਰਹਿਣ ਥਾਂ ਹੋਵੇਗਾ। ਨਿੱਜੀ ਸੰਪਤੀ ਵਾਲੇ ਸਮਾਜ ਨੇ ਜਿੱਥੇ ਤੇਰ-ਮੇਰ ਪੈਦਾ ਕਰਕੇ ਇਸ ਧਰਤੀ ਅਤੇ ਬ੍ਰਹਿਮੰਡ ਉੱਪਰ ਆਪਣਾ ਕਬਜ਼ਾ ਜਮਾ ਲਿਆ ਹੈ, ਸ਼ਾਇਰ ਉਸ ਨੂੰ ਹਵਾ 'ਚ ਉਡਾਕੇ ਮਨੁੱਖ ਅੰਦਰ ਅਪਣੱਤ ਦੀ ਭਾਵਨਾ ਰਾਹੀਂ ਚੇਤਨਾ ਜਗਾ ਰਿਹਾ ਹੈ ਕਿ ਸਮਾਜ ਉਹ ਹੀ ਮਾਨਵੀ ਹੈ ਜਿੱਥੇ ਮਨੁੱਖ ਨਿੱਜਤਾ 'ਚੋਂ ਨਹੀਂ ਸਰਬੱਤ 'ਚੋਂ ਜ਼ਿੰਦਗੀ ਨੂੰ ਪਰਿਭਾਸ਼ਤ ਕਰੇਗਾ।

ਆਜੜੀ ਉਹ ਕਿਰਤੀ ਹੈ ਜੋ ਕਿਰਤ ਦੀ ਸੁੱਚਮ ਦਾ ਪ੍ਰਤੀਕ ਹੈ। ਹੱਥਾਂ 'ਚ ਬੰਸਰੀ ਜ਼ਿੰਦਗੀ ਜਿਊਣ ਦੀ ਚਾਹਤ ਅਤੇ ਜ਼ਿੰਦਗੀ ਅੰਦਰ ਵਿਸ਼ਵਾਸ਼ ਦਾ ਚਿਹਨ ਹੈ। ਇਨ੍ਹਾਂ ਸਭ ਦਾ ਮਕਸਦ 'ਮੁਹੱਬਤ' ਹੈ। ਇਥੇ ਸੁਆਲ ਇਹ ਹੈ ਕਿ ਕਵੀ ਰਾਜਨੀਤਕ ਖੇਡ ਖੇਡਦਾ ਹੈ ਪਰੰਤੂ ਬਿਨ੍ਹਾਂ ਕਿਸੇ ਉਚੇਚੇ ਰਾਜਨੀਤਕ ਵਿਚਾਰ ਅਤੇ ਸੰਕਲਪ ਦੇ। ਕਵੀ ਕਿਧਰੇ ਵੀ ਸਮਾਜ ਦੇ ਨਵ-ਸਿਰਜਣ ਲਈ ਵੱਡੇ-ਵੱਡੇ ਸਮਾਜਕ, ਆਰਥਿਕ ਜਾਂ ਰਾਜਨੀਤਕ ਵਿਚਾਰਾਂ ਦੇ ਬੋਝ ਹੇਠ ਪਾਠਕ ਨੂੰ ਵਿਚਾਰਧਾਰਾ ਦਾ ਪਾਠ ਨਹੀਂ ਪੜ੍ਹਾ ਰਿਹਾ। ਸਗੋਂ ਇਸ ਦੇ ਬਿਲਕੁਲ ਵਿਪਰੀਤ ਉਹ ਕਾਵਿਕ ਅੰਦਾਜ਼ ਵਿਚ ਸੂਖ਼ਮ ਅਹਿਸਾਸ ਰਾਹੀਂ ਵਿਚਾਰ ਨੂੰ ਸੰਚਾਰਦਾ ਹੈ। ਕਵਿਤਾ ਕਲਾ ਦੇ ਪਹਿਰਨ ਵਿਚ ਬਣਦੀ ਹੀ ਉਹ ਹੈ, ਜਿਹੜੀ ਅਹਿਸਾਸ ਦੇ ਰਸਤਿਓਂ ਵਿਚਾਰ ਦਾ ਸਫ਼ਰ ਤਹਿ ਕਰੇ। ਜਦੋਂ ਕਵਿਤਾ ਵਿਚਾਰ ਦੇ ਰਸਤਿਓਂ ਆਪਣੀ ਕਾਇਆ ਨੂੰ ਡੌਲ਼ਦੀ ਹੈ ਤਾਂ ਉਸ ਦੇ ਸਪਾਟ ਬਣ ਜਾਣ ਦੇ ਖ਼ਤਰੇ ਵਧੇਰੇ ਬਣ ਜਾਂਦੇ ਹਨ ਅਤੇ ਕਵਿਤਾ ਇਕਹਿਰੇਪਣ ਦੀ ਸ਼ਿਕਾਰ ਬਣ ਜਾਂਦੀ ਹੈ। ਜਦੋਂ ਕਵਿਤਾ ਅਹਿਸਾਸ ਦੇ ਮਾਧਿਅਮ ਕਾਵਿਕ ਵਿਵੇਕ ਸਿਰਜਦੀ ਹੈ ਤਾਂ ਉਹ ਇਕੋ ਸਮੇਂ ਕਲਾਤਮਕ, ਸੁਹਜਾਤਮਕ, ਸੂਖ਼ਮ ਅਤੇ ਬਹੁਪਰਤੀ ਬਣ ਜਾਂਦੀ ਹੈ। ਸਰੋਦ ਸੁਦੀਪ ਇਸ ਪੱਖ ਤੋਂ ਵਧੇਰੇ ਸੁਚੇਤ ਕਵੀ ਹੈ ਕਿ ਉਸ ਦੀ ਕਾਵਿ-ਭਾਸ਼ਾ ਪੰਜਾਬੀ ਕਾਵਿ-ਪ੍ਰਵਾਹ ਦੇ ਸਮਵਿੱਥ ਅਸਲੋਂ ਵੱਖਰੀ ਕਾਵਿ ਭਾਸ਼ਾ ਹੈ। ਇਹ ਵੀ ਅਕਸਰ ਵਾਪਰ ਜਾਂਦਾ ਹੈ ਕਿ ਇਕ ਯੁੱਗ ਵਿਚ ਵਿਚਰਦੇ ਹੋਏ ਕੁਝ ਚਿਹਨ ਜਾਂ ਪ੍ਰਤੀਕ ਕਿਸੇ ਖ਼ਾਸ ਕਿਸਮ ਦੇ ਵਿਚਾਰ-ਪ੍ਰਬੰਧ ਦਾ ਹਿੱਸਾ ਬਣ ਜਾਂਦੇ ਹਨ। ਉਹ ਥੋੜੇ ਬਹੁਤੇ ਅੰਤਰ ਨਾਲ ਸਮੁੱਚੀ ਕਵਿਤਾ ਵਿਚ ਹੀ ਦੁਹਰਾਏ ਜਾ ਰਹੇ ਹੁੰਦੇ ਹਨ। ਇਸ ਨਾਲ ਕਵਿਤਾ ਤਾਂ ਆਪਣੇ ਯੁਗ ਦੀ ਆਵਾਜ਼ ਬਣ ਜਾਂਦੀ ਹੈ ਪਰੰਤੂ ਕਵੀ ਦੀ ਆਪਣੀ ਮੌਲਿਕਤਾ ਉੱਭਰਕੇ ਸਾਹਮਣੇ ਨਹੀਂ ਆਉਂਦੀ। ਸਰੋਦ ਸੁਦੀਪ ਉਪਰੋਕਤ ਕਵਿਤਾ ਵਿਚ ਜਿਸ ਕਾਵਿ-ਭਾਸ਼ਾ ਰਾਹੀਂ ਆਪਣਾ ਵਿਚਾਰ ਸੰਚਾਰ ਰਿਹਾ ਹੈ, ਉਹ ਦਿੱਖ ਦੀ ਪੱਧਰ ਉੱਪਰ ਰਾਜਨੀਤਕ ਲੱਫ਼ਾਜ਼ੀ ਤੋਂ ਮੁਕਤ ਹੈ ਪਰੰਤੂ ਉਸ ਅੰਦਰ ਵਿਚਾਰ ਬਹੁਤ ਤਿੱਖੇ ਅਤੇ ਡੂੰਘੇ ਰੁਖ਼ ਵਹਿਣ ਵਾਲਾ ਰਾਜਨੀਤਕ ਹੈ। ਜਦੋਂ ਕਵੀ 'ਮੁਹੱਬਤ' ਸ਼ਬਦ ਲਿਖਣ ਲਈ ਕਹਿ ਰਿਹਾ ਹੈ ਤਾਂ ਇਸ ਵਿਚੋਂ ਸਮੁੱਚੀ ਮਾਨਵ-ਹਿਤੈਸ਼ੀ ਦਰਸ਼ਨ ਪਰੰਪਰਾ ਜਾਗ ਪੈਂਦੀ ਹੈ। ਗੁਰੂ ਨਾਨਕ ਸਾਹਿਬ ਦੇ 'ਜਉ ਤਉ ਪ੍ਰੇਮ ਖੇਲਣ ਕਾ ਚਾਉ' ਤੇ ਗੁਰੂ ਗੋਬਿੰਦ ਸਿੰਘ ਦੇ 'ਜਿਨ ਪ੍ਰੇਮ ਕੀਓ' ਦੇ ਨਾਲ ਹੀ ਮਾਰਕਸ ਦੇ ਕਿਰਤੀ ਦੇ ਮੁਕਤੀ ਦੇ ਪ੍ਰਵਚਨ ਦੀਆਂ ਧੁਨੀਆਂ ਜਾਗ ਪੈਂਦੀਆਂ ਹਨ। ਇਉਂ ਇਸ ਕਵਿਤਾ ਦਾ ਡੂੰਘਾ ਵਿਚਾਰ ਪੂਰੇ ਬ੍ਰਹਿਮੰਡ ਵਿਚ ਰਾਜਨੀਤਕ ਅਰਥਾਂ ਨਾਲ ਗੁੰਨਿਆ ਹੋਇਆ ਹੈ। ਅਜਿਹੀ ਹੀ ਕਾਵਿ-ਭਾਸ਼ਾ ਵਿਚ ਦੋ ਛੋਟੀਆਂ ਨਜ਼ਮਾਂ ਵੇਖਦੇ ਹਾਂ :


**www.sanvad.org**
ISSN : 2395-1273

*ਆਲਣਾ ਉਜੜਨ ਬਾਅਦ ਵੀ*
*ਪੰਛੀ ਇਉਂ ਪਰਤੇ ਨੇ*
*ਕੀ ਉਹ ਫੇਰ ਤੀਲਾ ਤੀਲਾ ਜੋੜ ਲੈਣਗੇ*
*ਫੇਰ ਬੱਚਿਆਂ ਨੂੰ ਚੁੰਝਾਂ ਰਾਹੀਂ*
*ਖਾਣਾ ਦੇਣਗੇ*
*ਪੰਛੀ ਇਉਂ ਪਰਤੇ ਨੇ* (*ਲਓ ਇਹ ਖ਼ਤ ਪਾ ਦੇਣਾ 39*)
*ਉਹ ਮੇਰੀ ਹੀ ਧੀ ਸੀ*
*ਜੋ ਕਿਸੇ ਦੀ ਮਹਿਬੂਬਾ ਹੁੰਦੀ ਹੁੰਦੀ*
*ਵੇਸਵਾ ਬਣ ਗਈ*
*ਉਹ ਮੈਂ ਹੀ ਸੀ*
*ਜੋ ਕਦੇ ਪੌੜੀਆਂ ਚੜ੍ਹਦਾ ਰਿਹਾ*
*ਕਦੇ ਉਤਰਦਾ ਰਿਹਾ* (ਪਰਲੇ ਪਾਰ 89)

ਸਰੋਦ ਸੁਦੀਪ ਦੀ ਕਵਿਤਾ ਦੀ ਇਕ ਡੂੰਘੀ ਪਛਾਣ ਇਹ ਵੀ ਬਣਦੀ ਹੈ ਕਿ ਉਹ ਕਿਸੇ ਖ਼ਾਸ ਤਰ੍ਹਾਂ ਦੇ ਨਿਸ਼ਚਿਤਤਾਵਾਦ ਤੋਂ ਮੁਕਤ ਹੈ। ਇਸੇ ਕਰਕੇ ਉਸ ਦੇ ਕਾਵਿ-ਰੂਪ 'ਚ ਵਿਵਧਤਾ ਬਹੁਤ ਹੈ। ਉਹ ਰੂਪਕ ਪੱਖੋਂ ਬਹੁਤ ਨਿੱਕੀ ਕਵਿਤਾ ਤੋਂ ਲੈ ਕੇ ਲੰਮੀ ਨਜ਼ਮ ਤਕ ਦੇ ਬਣਤਰੀ ਵਿਧੀ-ਵਿਧਾਨ ਦੀ ਸਿਰਜਣਾ ਕਰਦਾ ਹੈ। ਕਾਵਿ ਅਹਿਸਾਸ ਕਾਵਿ ਰੂਪ ਦੀ ਦਵੰਦਾਤਮਕਤਾ ਦਾ ਤਿੱਖਾ ਅਹਿਸਾਸ ਕਰਵਾ ਦਿੰਦਾ ਹੈ। ਸ਼ਾਇਰ ਜ਼ਿੱਦ ਕਰਕੇ ਕਾਵਿ ਅਹਿਸਾਸ ਵਿਚ ਵਾਧੂ ਵੇਰਵਿਆਂ ਦੀ ਭਰਤੀ ਕਰਕੇ ਕਵਿਤਾ ਨੂੰ ਤਰਕਾਂ ਦਾ ਚੁਰਾਹਾ ਨਹੀਂ ਬਣਨ ਦਿੰਦਾ ਸਗੋਂ ਅਹਿਸਾਸ ਅਤੇ ਰੂਪ ਦਾ ਸੰਤੁਲਨ ਬਣਾ ਦਿੰਦਾ ਹੈ। ਇਹੋ ਆਧੁਨਿਕ ਕਹੀ ਜਾਣ ਵਾਲੀ ਕਵਿਤਾ ਦੀ ਵਿਸ਼ੇਸ਼ ਪਛਾਣ ਹੈ। ਆਧੁਨਿਕ ਯੁੱਗ ਵਿਚ ਮਨੁੱਖ ਦੇ ਸਹੰਸਰਾ ਅਹਿਸਾਸ ਆਕਾਰ ਵਿਚ ਛੋਟੇ ਪਰੰਤੂ ਪ੍ਰਭਾਵ ਵਿਚ ਬਹੁਤ ਵਡੇਰੇ ਹੁੰਦੇ ਹਨ। ਸਰੋਦ ਸੁਦੀਪ ਦੀ ਕਵਿਤਾ ਇਸ ਪੱਖੋਂ ਵਿਸ਼ੇਸ਼ ਧਿਆਨ ਖਿੱਚਦੀ ਹੈ।

ਸਰੋਦ ਸੁਦੀਪ ਦੀ ਕਵਿਤਾ ਦਾ ਸੰਰਚਨਾਤਮਕ ਪਾਸਾਰ ਸੰਵਾਦੀ ਵਿਧੀ ਨਾਲ ਸਬੰਧਿਤ ਹੈ। ਇਹ ਸੰਵਾਦ ਸਿੱਧੇ ਰੂਪ ਵਿਚ ਤੂੰ-ਮੈਂ ਵਾਲੇ ਵਿਰੋਧੀ ਜੁੱਟ ਵਾਲਾ ਨਹੀਂ ਹੈ ਸਗੋਂ ਆਧੁਨਿਕ ਭਾਵ ਬੋਧ ਵਾਲਾ ਹੈ ਜਿਹੜਾ ਤਣਾਓ ਵਿਚੋਂ ਆਪਣਾ ਰੂਪ ਪ੍ਰਾਪਤ ਕਰਦਾ ਹੈ। ਸੰਵਾਦੀ ਵਿਧੀ ਕਰਕੇ ਸਰੋਦ ਸੁਦੀਪ ਦੀ ਕਵਿਤਾ ਸਥਿਤੀ ਕੇਂਦਰਿਤ ਬਣਦੀ ਹੈ। ਉਹ ਆਮ ਤੌਰ 'ਤੇ ਇਕ ਸਥਿਤੀ ਲੈਂਦਾ ਹੈ ਜਿਸ ਵਿਚ ਘਟਨਾ ਬਿਰਤਾਂਤਕ ਰੂਪ 'ਚ ਨਹੀਂ ਹੁੰਦੀ ਸਗੋਂ ਸੰਕੇਤਕ ਰੂਪ ਵਿਚ ਭਾਵਮਈ ਹੁੰਦੀ ਹੈ। ਇਹ ਸੰਕੇਤ ਤਣਾਓ ਰੂਪੀ ਹੁੰਦਾ ਹੈ। ਇਸ ਤਣਾਓ ਵਿਚੋਂ ਸਰੋਦ ਸੁਦੀਪ ਸੰਵਾਦ ਵੱਲ ਵਧਦਾ ਹੈ ਅਤੇ ਕਵਿਤਾ ਦੀ ਸੰਰਚਨਾ ਸੰਵਾਦ ਵਿਚ ਢਲਣਾ ਸ਼ੁਰੂ ਹੋ ਜਾਂਦੀ ਹੈ। ਆਧੁਨਿਕ ਭਾਵ ਬੋਧ ਵਾਲੀ ਕਵਿਤਾ ਇਸੇ ਕਰਕੇ ਨਾਟਕੀ ਅੰਦਾਜ਼ ਦੀ ਬਣਕੇ ਦ੍ਰਿਸ਼ ਸਿਰਜਦੀ ਹੈ। ਇਸ ਕਵਿਤਾ ਦੀ ਭਾਸ਼ਾ ਅਲੰਕ੍ਰਿਤ ਨਹੀਂ ਹੁੰਦੀ ਅਤੇ ਨਾ ਹੀ ਵਿਚਾਰ ਦਾ ਰੋਮਾਂਸ ਸਿਰਜਦੀ ਹੈ। ਅਲੰਕ੍ਰਿਤ ਕਾਵਿ ਭਾਸ਼ਾ ਸਮਾਜੀ ਜੀਵਨ ਦੇ ਅੰਤਰ ਵਿਰੋਧਾਂ ਨੂੰ ਫੜਨ ਅਤੇ ਸੰਚਾਰਨ ਦੀ ਥਾਵੇਂ ਰੋਮਾਂਸ ਸਿਰਜਣ ਵਿਚ ਰੁਝ ਜਾਂਦੀ ਹੈ ਅਤੇ ਪ੍ਰਗੀਤਕ ਗੋਲਾਈ ਨਾਲ ਮਨੁੱਖੀ ਸੋਚ ਨੂੰ ਗਤੀ ਰਹਿਤ ਕਰ ਦਿੰਦੀ ਹੈ। ਇਸ ਦੇ ਬਿਲਕੁਲ ਵਿਪਰੀਤ ਆਧੁਨਿਕ ਭਾਵ ਬੋਧ ਵਾਲੀ ਕਵਿਤਾ ਸੰਵਾਦੀ ਵਿਧੀ ਰਾਹੀਂ ਮਨੁੱਖੀ ਸੋਚ ਨੂੰ ਸਾਣ 'ਤੇ ਲਾ ਦਿੰਦੀ ਹੈ। ਇਸੇ ਕਰਕੇ ਇਹ ਕਵਿਤਾ ਮਨੁੱਖੀ ਅਵਚੇਤਨ ਵਿਚ ਵੱਢ ਮਾਰਦੀ ਹੈ ਅਤੇ ਬਣੇ-ਬਣਾਤੇ ਵਿਧੀ ਵਿਧਾਨ ਨੂੰ ਤਹਿਸ ਨਹਿਸ ਕਰਕੇ ਨਵੇਂ ਸਿਰਿਓ ਸਿਰਜਣ ਲੱਗਦੀ ਹੈ। ਇਸੇ ਕਰਕੇ ਉਸਦੀ ਕਵਿਤਾ ਪਰੰਪਰਾਗਤ ਪਾਠਕ ਅਤੇ ਪਰੰਪਰਾਗਤ ਅਵਚੇਤਨ ਵਾਲੇ ਮਨੁੱਖ ਨੂੰ ਵੰਗਾਰਦੀ ਹੈ। ਸਰੋਦ ਸੁਦੀਪ ਦੇ ਸਿਰਫ਼ ਕਾਵਿ ਅੰਦਾਜ਼ ਨੂੰ ਸਮਝਣ ਲਈ ਉਸਦੀ ਲੰਮੀ ਨਜ਼ਮ ਦਾ ਇਹ ਅੰਸ਼ ਬਹੁਤ ਪ੍ਰਮਾਣਿਕ ਉਦਾਹਰਨ ਹੈ:-

*ਕੋਈ ਆਦਮੀ ਨਾ ਰਹੇ*
*ਤਾਂ ਰੁੱਖਾਂ ਕੋਲ ਜਾਓ*
*ਉਨ੍ਹਾਂ ਦੀ ਛਾਤੀ ਨਾਲ ਲੱਗੋ*
*ਤੁਹਾਡੀ ਕਹਾਣੀ ਸੁਣਨਗੇ*
*ਛਾਂ ਕਰਨਗੇ*

*ਹਵਾ ਦੇਣਗੇ*
*ਟਾਹਣੀਆਂ ਨਾਲ ਪਿੱਠ ਪਲੋਸੀ ਜਾਣਗੇ*
*ਮੌਨ ਖੜ੍ਹੇ ਤੁਹਾਡੇ ਲਈ ਦੁਆ ਕਰਨਗੇ*

*'ਪੈਸੇ ਨਾਲ ਤੇਰੀ ਗਰੀਬੀ ਨਹੀਂ*
*ਤੈਨੂੰ ਧੋ ਦਿਆਂਗੇ'*

*ਇਹ ਕੇਹੀ ਹਮਦਰਦੀ ਸੀ*
*ਕੇਹੀ ਨੇੜਤਾ ਸੀ*
*ਕੇਹੀ ਹਉਂ ਸੀ*
*ਰਾਹ ਰੋਕ ਕੇ ਖੜ੍ਹ ਗਏ ਸਨ*
*ਸਾਰੀ ਜ਼ਿੰਦਗੀ ਦਾ*
*ਕਾਲੇ ਮੂੰਹਾਂ 'ਚੋਂ*
*ਚਿੱਟੇ ਦੰਦ ਇਉਂ ਹੱਸੇ ਸਨ*
*ਜਿਉਂ ਕਿਸੇ ਦਾ ਲਹੂ ਪੀਣ ਲੱਗੇ ਹੋਣ...*

*ਇਹ ਸਭ ਕੁਝ ਦਾ ਅੰਤ ਸੀ*
*ਓਥੇ ਜਾਕੇ ਕੀ ਲੜਦੇ*
*ਜਿਥੇ ਸਜਦਾ ਕੀਤਾ ਸੀ*
*ਕੁਝ ਵੀ ਸਾਰ ਨਾ ਰਹੀ*
*ਕਦਮ ਇਉਂ ਕਤਲਗਾਹ ਵੱਲ ਵਧਦੇ ਰਹੇ*
*ਏਦੂੰ ਤਾਂ ਜਾਨ ਲੈ ਲੈਂਦੇ*
*ਇਉਂ ਨਾ ਰੱਖਦੇ*
*ਨਾ ਤੁਰਿਆ ਜਾਣਾ ਨਾ ਰੁਕ ਹੋਣਾ*
*ਇਹ ਤਾਂ ਰੂਹ ਨੂੰ ਲੱਗਾ ਸਰਾਪ ਸੀ* (ਲਾ ਬੈਲੇ 13-14)

ਇਉਂ ਸਰੋਦ ਸੁਦੀਪ ਸੰਵਾਦੀ ਵਿਧੀ ਰਾਹੀਂ ਕਵਿਤਾ ਨੂੰ ਦ੍ਰਿਸ਼ ਵਿਚ ਬੰਨਦਾ ਹੈ। ਇਸੇ ਕਰਕੇ ਅਜਿਹੀ ਕਵਿਤਾ ਸਥਿਤੀਆਂ, ਦ੍ਰਿਸ਼ਾਂ ਅਤੇ ਨਾਟਕੀਅਤਾ ਦਾ ਬਣਤਰੀ ਪ੍ਰਬੰਧ ਬਣਦੀ ਹੈ।

ਸਰੋਦ ਸੁਦੀਪ ਸਰੋਦੀ ਤੱਤਾਂ ਦੀ ਬਜਾਏ ਕਵਿਤਾ ਵਿਚ ਤਣਾਓ ਰਾਹੀਂ ਪਾਠਕ ਬਿਰਤੀ ਨੂੰ ਬਾਰ-ਬਾਰ ਝੰਜੋੜਦਾ ਹੈ। ਇਸ ਲਈ ਉਹ ਸੰਕੇਤੀ ਸੰਚਾਰ ਵੱਲ ਅਹੁਲਦਾ ਹੈ। ਇਹ ਸੰਚਾਰ ਆਧੁਨਿਕ ਕਵਿਤਾ ਨੂੰ ਸਭ ਤੋਂ ਵਧੀਕ ਸੰਜਮ ਬਖਸ਼ਦਾ ਹੈ। ਜਿਹੜੀ ਕਵਿਤਾ 'ਚ ਸੰਜਮ ਨਹੀਂ ਉਹ ਆਧੁਨਿਕ ਸੁਰਤੀ-ਬਿਰਤੀ ਦੀ ਕਵਿਤਾ ਨਹੀਂ ਹੋ ਸਕਦੀ ਕਿਉਂਕਿ ਆਧੁਨਿਕ ਭਾਵ ਬੋਧ ਨੂੰ ਵਧੇਰੇ ਪ੍ਰਤੀਕੀ ਰੂਪ ਵਿਚ ਹੀ ਪ੍ਰਗਟਾਇਆ ਜਾ ਸਕਦਾ ਹੈ। ਇਹ ਭਾਵ ਬੋਧ ਜਟਿਲ ਹੈ, ਬਹੁਪਰਤੀ ਹੈ ਪਰੰਤੂ ਇਨ੍ਹਾਂ ਨੂੰ ਵੇਰਵਿਆਂ ਦੇ ਵਿਸਥਾਰ ਰਾਹੀਂ ਸੰਚਾਰਦਿਆਂ ਕਵਿਤਾ ਸਾਮੰਤੀ ਯੁੱਗ ਦੀਆਂ ਵਿਧੀਆਂ ਦੇ ਮੁਥਾਜ ਹੋ ਜਾਵੇਗੀ ਜਿਸ ਨਾਲ ਕਵਿਤਾ ਦਾ ਰੂਪ ਆਧੁਨਿਕ ਯੁੱਗ ਦੇ ਅੰਤਰ-ਵਿਰੋਧਾਂ ਨੂੰ ਸੰਚਾਰਨ 'ਚ ਅਸਮਰਥ ਹੋ ਜਾਵੇਗਾ। ਸਰੋਦ ਸੁਦੀਪ ਦੀ ਦ੍ਰਿਸ਼ਟੀ, ਵਿਚਾਰ ਅਤੇ ਰੂਪ ਵਿਚ ਆਧੁਨਿਕਤਾ ਦਾ ਪੂਰਨ ਪ੍ਰਵੇਸ਼ ਹੈ। ਇਸ ਲਈ ਉਸਦੇ ਮਹੱਤਵ ਨੂੰ ਸਮਝਣਾ ਜ਼ਰੂਰੀ ਹੈ। ਸਰੋਦ ਸੁਦੀਪ ਦੀ ਦ੍ਰਿਸ਼ਟੀ ਅਤੇ ਵਿਚਾਰਧਾਰਾ ਨਾਲ ਤੁਹਾਡੀ ਅਸਹਿਮਤੀ ਹੋ ਸਕਦੀ ਹੈ, ਪਰੰਤੂ ਉਸ ਦੀ ਕਵਿਤਾ ਅੰਦਰਲੇ ਅਹਿਸਾਸ, ਵਿਚਾਰ ਅਤੇ ਪ੍ਰਗਟਾਅ ਪੱਖੋਂ ਉਸਦੀ ਆਧੁਨਿਕ ਯੁੱਗ ਅਤੇ ਆਧੁਨਿਕ ਮਨੁੱਖ ਸਬੰਧੀ ਸਮਝ ਤੋਂ ਤੁਸੀਂ ਇਨਕਾਰ ਨਹੀਂ ਕਰ ਸਕਦੇ। ਮੇਰੀ ਸਮਝ ਅਨੁਸਾਰ ਸਰੋਦ ਸੁਦੀਪ ਆਧੁਨਿਕ ਯੁੱਗ ਦੇ ਸਗਲ ਸਰੂਪ ਨੂੰ ਸੰਕੇਤੀ ਪ੍ਰਗਟਾਵਾ ਦੇਣ ਵਾਲਾ ਬਹੁਤ ਹੀ ਸੰਜਮੀ ਸ਼ਾਇਰ ਹੈ ਜਿਸਦੀ ਕਵਿਤਾ ਪੰਜਾਬੀ/ਭਾਰਤੀ ਸਮਾਜ ਦੇ ਬਸਤੀਵਾਦੀ ਪ੍ਰਬੰਧ ਉਪਰੰਤ ਪੂੰਜੀਵਾਦੀ ਸਮਾਜਕ ਸੰਰਚਨਾ ਅਧੀਨ ਸਿਰਜੇ ਜਾ ਰਹੇ ਮਨੁੱਖ ਦਾ ਪ੍ਰਮਾਣਿਕ ਦ੍ਰਿਸ਼ ਹੈ। ਇਉਂ ਉਹ ਵਿਚਾਰ ਅਤੇ ਪ੍ਰਗਟਾਅ ਪੱਖੋਂ ਸੰਕੇਤੀ ਬਿਰਤੀ ਦਾ ਸ਼ਾਇਰ ਹੈ।

◈


ISSN : 2395-1273